
Reshmi's Group
ETHINIC FOOD DISTRIBUTOR
NOW AVAILABLE IN 20LB
AGED
BEST BIRYANI RICE
LONG GRAIN | PREMIUM QUALITY
PERFECT FOR:
BIRYANI
PULAO
DAILY MEALS
AROMATIC | NON-STICKY | EXTRA FLUFFY
AGED
444
XXL PREMIUM BASMATI RICE
RIZ BASMATI PREMIUM XXL
NET WT.: 20 LBS / 9.08 KG
FROM THE FOOT HILLS OF HIMALAYA
FROM THE REIGION OF
AMRITSAR, PUNJAB
PRODUCT OF INDIA
PURE BASMATI RICE
444 XXL PREMIUM BASMATI RICE 20LB
444 Premium Spices
444 Tandoori Masala 5lb
444 Chicken Masala 5lb
444 Coriander Powder 5lb
444 Black Mustard Seeds 8lb
444 PREMIUM SPICES PURE FLAVOR, UNMATCHED QUALITY AND MANY MORE VARIETIES AVAILABLE!
BUY NOW
For Wholesale Order at :
1120 Andover Park E,Tukwila, WA 98188,
T: (206) 575-0050,E: sales@reshmisgroup.com.


DIAMONDS!
Diamond Necklace
Wedding Sets
and
Wedding Rings
50% off
Come see our collection
ਡਾਇਮੰਡਜ !
ਅਸੀਂ ਹਣ ਡਾਇਮੰਡ ਨੈਕੁਲੇਸ, ਵਿਆਹ ਦੇ ਸੈੱਟ
ਅਤੇ ਵਿਆਹ ਲਈ ਅੰਗੂਠੀਆਂ ਵੀ ਰੱਖਦੇ ਹਾਂ
50% off
ਆ ਕੇ ਕੁਲੈਕਸ਼ਨ ਦੇਖੋ
Season Special!
Visit our store for special pricing when buying
50 grams or more of 22k Gold Jewelry!
ਸੀਜਨ ਸਪੈਸ਼ਲ !
ਜਦੋਂ ਤੁਸੀਂ 50 ਗਰਾਮ ਜਾਂ ਇਸ ਤੋਂ ਜ਼ਿਆਦਾ 22 ਕੈਰੇਟ ਦੇ ਸੋਨੇ ਦੇ ਗਹਿਣੇ ਖਰੀਦਦੇ ਹੋ
ਤਾਂ ਸਪੈਸ਼ਲ ਕੀਮਤਾਂ ਲਈ ਸਾਡੇ ਸਟੋਰੇ ਤੇ ਆਉ।
CASH FOR GOLD
ਸੋਨੇ ਬਦਲੇ
ਡਾਲਰ ਲਉ
ਸਾਡੀਆਂ
ਕੀਮਤਾਂ
ਬਹੁਤ
ਘੱਟ ਹਨ
TAJ JEWELERS
UNIQUELY DESIGNED 22KT GOLD JEWELRY
WE SELL FOR LESS
ਤਾਜ਼ ਜਿਊਲਰਜ਼
TRADE YOUR OLD GOLD FOR NEW JEWELRY
ਆਪਣੇ ਪੁਰਾਣੇ
ਗਹਿਣਿਆਂ ਬਦਲੇ
ਨਵੇਂ ਫੈਸ਼ਨ ਦੇ
ਗਹਿਣੇ ਲਉ
22 ਕੈਰੇਟ ਸੋਨੇ ਦੀ ਜਿਊਲਰੀ ਦੇ ਨਵੇਂ ਨਵੇਂ ਡਿਜ਼ਾਈਨ
Ph:253-981-3071
10120 SE 260th St. Suite 110, Kent, WA 98030
Open: 7 Days Tuesday to Sunday 11am to 7pm, Mon 11am to 6pm
ਅਸੀਂ ਹਫਤੇ ਦੇ ਸੱਤੇ ਦਿਨ ਖੁੱਲਦੇ ਹਾਂ
ਮੰਗਲਵਾਰ ਤੋਂ ਐਤਵਾਰ ਸਵੇਰ 11ਵਜੇ ਤੋਂ ਸ਼ਾਮ 7 ਵਜੇ ਤੱਕ, ਸੋਮਵਾਰ ਸਵੇਰ 11 ਤੋਂ ਸ਼ਾਮ 6 ਵਜੇ ਤੱਕ

## (ਮੁੱਖ ਪੰਨੇ ਦੀ ਬਾਕੀ)

ਦੀ ਇੱਕ ਅਦਾਲਤ ਉੱਤੇ ਤਿਰੰਗਾ ਲਾਹ ਕੇ ਭਗਵਾ ਲਹਿਰਾਉਣ ਜਾਂ ਪੂਰੇ ਦੇਸ਼ ਵਿੱਚ ਭਗਵਾ ਝੰਡਾ ਲਹਿਰਾਉਣ ਦੇ ਬਿਆਨ ਵੀ ਆਉਂਦੇ ਰਹਿੰਦੇ ਹਨ।

ਪ੍ਰੰਤੂ ਪੁਲਿਸ ਜਾਂ ਸਰਕਾਰ ਨੇ ਕਦੇ ਇਸ ਦਾ ਨੋਟਿਸ ਨਹੀਂ ਲਿਆ।

ਆਜ਼ਾਦੀ ਦੀ ਪੌਣੀ ਸਦੀ ਬਾਅਦ ਵੀ ਤਿਰੰਗੇ ਦੀ ਉਤਲੇ ਮਨੋਂ ਮੁਦਈ ਆਰਐਸਐਸ ਨੇ ਆਪਣੇ ਹੈਡ ਕੁਆਰਟਰ ਤੇ ਕਦੇ ਤਿਰੰਗਾ ਨਹੀਂ ਲਾਇਆ। ਸਗੋਂ ਵੱਖ-ਵੱਖ ਮੌਕਿਆਂ ਤੇ ਤਿਰੰਗੇ ਨੂੰ ਧਰਤੀ ਤੇ ਬਣਾ ਕੇ ਉੱਪਰ ਆਪਣੇ ਭਗਵੇ ਨੂੰ ਲਹਿਰਾ ਕੇ ਬੇਇਜ਼ਤੀ ਕੀਤੀ ਹੈ।

ਅਜਿਹਾ ਮਾਮਲਾ ਹੁਣ ਫੇਰ 15 ਅਗਸਤ ਨੂੰ ਵੀ ਸਾਹਮਣੇ ਆਇਆ ਤਾਂ ਸਵਾਲ ਖੜ੍ਹਾ ਹੋਇਆ ਹੈ ਕਿ ਕੀ ਆਰਐਸਐਸ ਜਾਂ ਉਸ ਦੇ ਕਾਰਕੁੰਨਾਂ ਨੂੰ ਸੰਵਿਧਾਨ ਨੇ ਕੋਈ ਅਧਿਕਾਰ ਦਿੱਤਾ ਹੈ ਕਿ ਉਹ ਜਿਵੇਂ ਚਾਹੁਣ ਤਿਰੰਗੇ ਦੀ ਬੇਜਤੀ ਕਰ ਸਕਦੇ ਹਨ?

ਇਹ ਜੋ ਕੁਝ ਵੀ ਵਾਪਰਿਆ ਉਸ ਦੀਆਂ ਤਸਵੀਰਾਂ ਜ਼ੋਰ ਨਾਲ ਸੋਸ਼ਲ ਮੀਡੀਆ ਤੇ ਸਾਂਝੀਆਂ ਰਹੀਆਂ ਹਨ ਪ੍ਰੰਤੂ ਸਰਕਾਰ ਜਾਂ ਗੋਦੀ ਮੀਡੀਆ ਇਸ ਬਾਰੇ ਬਿਲਕੁਲ ਮੋਨਧਾਰੀ ਬੈਠਾ ਹੈ।

ਜੇ ਇਹ ਕੰਮ ਕਿਸੇ ਹੋਰ ਘਟ ਗਿਣਤੀ ਜਾ ਖਾਸ ਕਰਕੇ ਸਿੱਖਾਂ ਤੋਂ ਹੋ ਜਾਂਦਾ ਤਾਂ ਹੁਣ ਤੱਕ ਯੂਏਪੀਏ ਜਾਂ ਐਨਐਸ ਲੱਗੀ ਹੋਣੀ ਸੀ ਅਤੇ ਐਨਆਈਏ ਵਰਗੀਆਂ ਏਜੰਸੀਆਂ ਨੇ ਉਹਨਾਂ ਦੇ ਘਰ ਦੀਆਂ ਤਲਾਸ਼ੀਆਂ ਸ਼ੁਰੂ ਕਰ ਦੇਣੀਆਂ ਸੀ। ਫਤਵੇ ਜਾਰੀ ਕਰ ਦੇਣੇ ਸੀ।

ਪ੍ਰੰਤੂ ਆਰ ਐੱਸ ਐੱਸ ਦੀ ਸੀਨਾ ਜ਼ੋਰੀ ਤੇ ਭਾਰਤੀ ਏਜੰਸੀਆਂ, ਪੁਲਿਸ ਅਤੇ ਸਰਕਾਰ ਦੀ ਚੁੱਪ ਤਿਰੰਗੇ ਦੀ ਬੇਇਜਤੀ ਵਿੱਚ ਸਹਿਮਤੀ ਦਾ ਸੰਕੇਤ ਹੀ ਮੰਨੀ ਜਾ ਸਕਦੀ ਹੈ।


AKAL TRAVEL

ਅਮਰੀਕਾ ਦੇ ਕਿਸੇ ਵੀ ਸ਼ਹਿਰ ਤੋਂ ਵਧੀਆ ਫਲਾਈਟਾਂ, ਵਧੀਆ ਸੇਵਾਵਾਂ ਅਤੇ ਘੱਟ ਕਿਰਾਏ ਲਈ ਸੰਪਰਕ ਕਰੋ






We Represent All Major Airline

We Will Beat Or Match Any Price

Seattle to Delhi : $785

We Issue The Ticket From India Also

Delhi Bombay Special

Ask For Detail

WE ALSO DO : * NOTARY * VISA * PASSPORT * TRANSLATION

PHONE : 253-852-1984, 253-852-1985

24 HOUR EMERGENCY SERVICE 206-370-9480

TOLL FREE : 1-800-828-8543

EMAIL : FLY@AKALTRAVEL.COM

HOURS : MON TO SAT 9AM TO 7PM AND SUN 1PMTO 6PM



TUKWILA DENTAL CENTER

NEW PATIENTS & EMERGENCIES WELCOME

GENERAL DENTISTRY FOR ALL AGES

*A Caring Team for You & Your Family*

Most Crowns and Bridges are made same day with our CAD/CAM System

- General Dentistry
- Bridges
- Fillings
- Dentures
- Dental Implants
- Crowns
- Cosmetic Dentistry
- Sealants
- Treatment of Gum Disease
- Oral Surgery
- Root Canals





HARCHAND SINGH DDS PS, SARAA ABDULATEEF DDS MS, ABRAAM ABRAMOV LD, MUKTA SINGH DDS, TANVEER S BUTTAR DDS

| Hours : | | |
|---|---|---|
| | Monday | 9AM - 6PM |
| | Tuesday | 9AM - 6PM |
| | Wednesday | 9AM - 6PM |
| | Thursday | 9AM - 6PM |
| | Friday | 8AM - 4PM |

*(Fellow & Master Academy of General Dentistry)*

DENTAL LAB ON PREMISES

13955 Interurban Ave So, Tukwila, WA 98168

www.tukwiladentalcenter.com Email: tukwiladentalcenter@comcast.net

Ph: 206-431-0953, 206-241-0454, Fax: 206-439-6860



Complete Dental Care

New & Emergency Patients Welcome






-Family & Cosmetic Dentistry

-Root Canals, Wisdom Teeth Removal, Metal-free Restorations

-Bleeching, Veneer, Bonding

-Preventive & Pediatric Dentistry

ਹਰ ਤਰਾਂ ਦੇ ਦੰਦਾਂ ਦਾ ਇਲਾਜ਼ ਕਰਵਾਉਣ ਲਈ ਸੰਪਰਕ ਕਰੋ

Dr. Manpreet Dhaliwal

Dr. Navdeep Dhaliwal

Dr. Donald Hainer

Complete DENTAL CARE

Ph: 253-854-2714

SUITE #1, 10725 SE 256TH ST, KENT, WA


PUNJAB GROCERY BAZAAR
PUNJAB GROCERY BAZAAR
OLD KK MARKET
Upto 10% oFF
• No Spend Limit
Excl. Dairy, Flour, Sweets, Vegetable & Drinks
CAULIFLOWER $0.99 Each
LENTILS Flat 10% Off
RED LABEL TEA
450 GM $ 6.49
1.9 LBS $ 10.49
3.9 LBS $ 22.99
TOMATO $0.49 LBS
YOU CAN TEST BEFORE BUYING
DESI SAKKAR $3.99 2 LBS
ROASTED BARFI $9.99 LBS
KANCHA COLD DRINK
MUSTARD OIL $19.99 5 Litre
INDIAN CROCKERY Get 10% Discount
FRESH VEGGIE CANADIAN COOKIES $8.99
Desi Gud $ 1.99 LBS
Lady Finger $3.49 LBS
Walnut
ALMOND
CASHEW NUT
+1 253-854-5236
23805, 104th Ave SE, Kent, WA 98031, United States

## ਕੇਂਦਰ ਸਰਕਾਰ ਵੱਲੋਂ ਭਾਰਤ ਨੂੰ ਏਸ਼ੀਆ ਕੱਪ ’ਚ ਪਾਕਿਸਤਾਨ ਨਾਲ ਖੇਡਣ ਦੀ ਇਜਾਜ਼ਤ

ਦਿੱਲੀ:- ਕੇਂਦਰ ਸਰਕਾਰ ਨੇ ਭਾਰਤ ਦੀ ਕ੍ਰਿਕਟ ਟੀਮ ਨੂੰ ਏਸ਼ੀਆ ਕੱਪ ਵਿਚ ਪਾਕਿਸਤਾਨ ਨਾਲ ਖੇਡਣ ਦੀ ਇਜਾਜ਼ਤ ਦੇ ਦਿੱਤੀ ਹੈ। ਸਰਕਾਰ ਨੇ ਕਿਹਾ ਕਿ ਪਹਿਲਗਾਮ ਦਹਿਸ਼ਤੀ ਹਮਲੇ ਤੋਂ ਬਾਅਦ ਭਵਿੱਖ ਵਿਚ ਦੋਵਾਂ ਦੇਸ਼ਾਂ ਦਰਮਿਆਨ ਕੋਈ ਲੜੀ ਖੇਡੀ ਨਹੀਂ ਜਾਵੇਗੀ ਪਰ ਉਹ ਏਸ਼ੀਆ ਕੱਪ ਵਿਚ ਪਾਕਿਸਤਾਨ ਨਾਲ ਮੈਚ ਖੇਡਣ ਤੋਂ ਨਹੀਂ ਰੋਕਣਗੇ ਕਿਉਂਕਿ ਇਸ ਵਿਚ ਦੋਵਾਂ ਦੇਸ਼ਾਂ ਤੋਂ ਇਲਾਵਾ ਹੋਰ ਦੇਸ਼ ਵੀ ਮੈਚ ਖੇਡਣਗੇ।

## ਬਰੈਂਪਟਨ ਵਿਚ ਭਾਰਤੀ ਨੌਜਵਾਨ ਦਾ ਗੋਲੀਆਂ ਮਾਰ ਕੇ ਕਤਲ, ਦੂਜਾ ਗੰਭੀਰ ਜ਼ਖ਼ਮੀ

ਟਰੰਟੋ:-ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿੱਚ ਅਣਪਛਾਤਿਆਂ ਨੇ ਘਰ ਵਿਚ ਦਾਖ਼ਲ ਹੋ ਕੇ ਭਾਰਤੀ ਮੂਲ ਦੇ ਨੌਜਵਾਨ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਹੈ। ਇਸ ਦੌਰਾਨ ਇੱਕ ਹੋਰ ਵਿਅਕਤੀ ਗੰਭੀਰ ਜ਼ਖ਼ਮੀ ਹੋ ਗਿਆ, ਜੋ ਹਸਪਤਾਲ ਵਿਚ ਜ਼ੇਰੇ ਇਲਾਜ ਹੈ। ਮਾਰੇ ਗਏ ਨੌਜਵਾਨ ਦੀ ਪਛਾਣ ਸੋਨੂੰ ਚੱਠਾ ਵਜੋਂ ਕੀਤੀ ਗਈ ਹੈ। ਜ਼ਖ਼ਮੀ ਹੋਇਆ ਵਿਅਕਤੀ ਵੀ ਭਾਰਤੀ ਹੈ, ਪਰ ਉਸ ਦੇ ਨਾਂਅ ਦੀ ਅਜੇ ਪੁਸ਼ਟੀ ਨਹੀਂ ਹੋਈ। ਉਧਰ ਘਟਨਾ ਤੋਂ ਕੁਝ ਘੰਟੇ ਬਾਅਦ ਬਿਸ਼ਨੋਈ ਗਰੁੱਪ ਵੱਲੋਂ ਇਸ ਕਤਲ ਦੀ ਜ਼ਿੰਮੇਵਾਰੀ ਲੈਣ ਦਾ ਦਾਅਵਾ ਕੀਤਾ ਗਿਆ ਹੈ, ਪਰ ਖ਼ਬਰ ਲਿਖੇ ਜਾਣ ਤੱਕ ਇਸ ਦੀ ਪੁਸ਼ਟੀ ਨਹੀਂ ਹੋ ਸਕੀ।ਪੁਲੀਸ ਮੁਤਾਬਕ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗੋਲੀਬਾਰੀ ਮਿੱਥ ਕੇ ਕੀਤੀ ਗਈ, ਜੋ ਦੋ ਧਿਰਾਂ ਦੀ ਆਪਸੀ ਰੰਜਿਸ਼ ਜਾਪਦੀ ਹੈ।


ਹੁਣ ਕੈਂਟ ਵਿੱਚ ਵਿਜੈ ਜਿਊਲਰਜ਼ ਨੇ ਆਪਣੀ ਨਵੀਂ ਦੁਕਾਨ ਖੋਲ੍ਹ ਦਿੱਤੀ ਹੈ


Vijay JEWELLERS INC.

Specializing in 22K Gold




ਸੋਨੇ ਦੀਆਂ ਬਾਰਾਂ ਸਪੈਸ਼ਲ ਕੀਮਤਾਂ ਤੇ ਮਿਲਦੀਆਂ ਹਨ

ਹਰੇਕ ਤਰ੍ਹਾਂ ਦੇ ਨਗ ਸਰਟੀਫਾਈਡ ਮਿਲਦੇ ਹਨ



ਅਨੇਕਾਂ ਪ੍ਰਕਾਰ ਦੇ ਗਹਿਣੇ ਲੇਟੈਸਟ ਡਿਜਾਈਨਾਂ ਵਿਚ ਲਵੋ

ਅਸੀਂ ਹਰ ਤਰਾਂ ਦੇ ਗਹਿਣੇ ਰਿਪੇਅਰ ਵੀ ਕਰਦੇ ਹਾਂ

Naman Dhawan
856-325-9919, 253-277-3854

Vijay Dhawan
253-656-2666

25416 104th Ave SE, Kent, WA 98030, USA

www.vijayjewellersseattle.com vijayjewellersinc@gmail.com

# ਦੁਨੀਆ ਭਰ ਵਿੱਚ ਪੰਜਾਬ ਰੈਫਰੈਂਡਮ ਦੀ ਅਜ਼ਾਦੀ ਮੁਹਿੰਮ ਨੂੰ ਸਿੱਖਾਂ ਵੱਲੋਂ ਬੇਖ਼ੌਫ਼ ਸਮਰਥਨ

## ਅਮਰੀਕਾ ਰਹਿੰਦੇ ਹਰਿਆਣਾ, ਪੰਜਾਬ ਤੇ ਰਾਜਸਥਾਨ ਦੇ ਸਿੱਖਾਂ ਨੇ ਖ਼ਾਲਿਸਤਾਨ ਰੈਫ਼ਰੈਂਡਮ ਦੌਰਾਨ 16,500 ਤੋਂ ਵੱਧ ਵੋਟਾਂ ਪਾਈਆਂ

## ਅਮਰੀਕੀ ਸਰਕਾਰ ਨੇ ਰੈਫਰੈਂਡਮ ਪ੍ਰਕਿਰਿਆ ਨੂੰ ਗੰਭੀਰਤਾ ਨਾਲ ਲਿਆ, ਹਰ ਪਾਸੇ ਸੁਰੱਖਿਆ ਦੇ ਸਖ਼ਤ ਇੰਤਜ਼ਾਮ



ਵਾਸ਼ਿੰਗਟਨ ਡੀ.ਸੀ (ਸਰਬਜੀਤ ਸਿੰਘ ਬਨੂੜ) ਅਮਰੀਕਾ ਦੀ ਰਾਜਧਾਨੀ ਅਤੇ ਵਿਸ਼ਵ ਰਾਜਨੀਤਕ ਕੇਂਦਰ ਵਾਸ਼ਿੰਗਟਨ ਡੀ.ਸੀ. ਵਿੱਚ ਖਾਲਿਸਤਾਨ ਰੈਫਰੈਡਮ ਦੌਰਾਨ 16,500 ਤੋਂ ਵੱਧ ਸਿੱਖਾਂ ਨੇ ਬੇਖੌਫ਼ ਆਪਣਾ ਵੋਟ ਅਧਿਕਾਰ ਵਰਤਿਆ। ਭਾਰੀ ਸੁਰੱਖਿਆ ਪ੍ਰਬੰਧਾਂ ਹੇਠ, ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਸਰਕਾਰੀ ਨਿਵਾਸ ਨੇੜਲੇ ਨੈਸ਼ਨਲ ਪਾਰਕ ਵਿੱਚ ਬਣਾਏ ਗਏ ਆਰਜ਼ੀ ਬੂਥਾਂ ‘ਚ ਇਹ ਵੋਟਿੰਗ ਹੋਈ ਸ਼ੈਫਰੈਡਮ ਦੀ ਸਫਲਤਾ ਲਈ ਫੇਰਫੇਕਸ, ਵਰਜੀਨਿਆ ਦੇ ਗੁਰਦੁਆਰੇ ਵਿੱਚ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਮੌਕੇ ਪੰਜ ਪਿਆਰਿਆਂ ਵੱਲੋਂ ਖਾਲਿਸਤਾਨ ਦੀ ਕਾਮਯਾਬੀ ਲਈ ਅਰਦਾਸ ਕੀਤੀ ਗਈ। ਰੈਫਰੈਡਮ ਦੀ ਨਿਗਰਾਨੀ ਲਈ ਰੈਫਰੈਡਮ ਕਮਿਸ਼ਨ ਦੇ ਚੇਅਰਮੈਨ ਐਮ. ਡੇਨ ਵਾਟਰਸ, ਬੋਲ ਜੈਕਬ, ਬਾਰਨ ਕੌਮੈਨ, ਡਾ. ਯਾਨਿਆ ਵੇਲਪ ਅਤੇ ਮੈਟ ਕੋਵਓਟਰਪ ਦੀ ਟੀਮ ਨੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ, ਜਿਨ੍ਹਾਂ ਦੇ ਮਾਪਦੰਡਾਂ ਅਨੁਸਾਰ ਤਿੰਨ ਮੈਂਬਰ ਵੋਟਿੰਗ ਦੀ ਨਿਗਰਾਨੀ ਕਰਦੇ ਰਹੇ। ਸਿੱਖਸ ਫਾਰ ਜਸਟਿਸ ਦੇ ਅਟਾਰਨੀ ਜਨਰਲ ਗੁਰਪਤਵੰਤ ਸਿੰਘ ਪੰਨੂ ਨੇ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਕਿਸਾਨ ਅੰਦੋਲਨ ਤੋਂ ਲੈ ਕੇ ਲੋਡ ਪੋਲਿੰਗ ਬਿੱਲਾਂ ਤੱਕ ਹਰ ਮਸਲੇ ਦਾ ਇੱਕ ਹੱਲ ਖਾਲਿਸਤਾਨ ਹੈ। ਸੰਗਤਾਂ ਨੇ “ਖਾਲਿਸਤਾਨ ਜਿੰਦਾਬਾਦ”, “ ਕਿੱਲ ਮੋਦੀ ਪੋਲਟਿਕਸ”, “ ਦਿੱਲੀ ਬਣੇਗਾ ਖਾਲਿਸਤਾਨ” ਦੇ ਨਾਅਰੇ ਲਗਾ ਕੇ ਰੈਫਰੈਡਮ ਨੂੰ ਜ਼ੋਰਦਾਰ ਸਮਰਥਨ ਦਿੱਤਾ ਵੱਖ-ਵੱਖ ਦੇਸ਼ਾਂ-ਕੈਨੇਡਾ, ਇੰਗਲੈਂਡ, ਜਰਮਨੀ, ਇਟਲੀ, ਫਰਾਂਸ, ਅਸਟ੍ਰੇਲੀਆ ਅਤੇ ਨਿਊਜ਼ੀਲੈਂਡ-ਤੋਂ ਐਸ ਜੇ ਐਫ਼ ਦੇ ਕਾਰਕੁਨ ਵੀ ਨਿਗਰਾਨੀ ਲਈ ਮੌਕੇ ‘ਤੇ ਪਹੁੰਚੇ। ਇਸ ਮੌਕੇ ਡਾ. ਬਖ਼ਸ਼ੀਸ ਸਿੰਘ ਸੰਧੂ, ਸ. ਅਵਤਾਰ ਸਿੰਘ ਪੰਨੂ, ਸਾਬੀ ਸਿੰਘ, ਗੁਰੂ ਨਾਨਕ ਸਿੱਖ ਗੁਰਦੁਆਰਾ ਡੈਲਟਾ ਦੇ ਸੀਨੀਅਰ ਮੈਂਬਰ ਗੁਰਮੀਤ ਸਿੰਘ ਤੂਰ, ਗਿਆਨ ਸਿੰਘ, ਸ. ਰਵਿੰਦਰ ਸਿੰਘ ਬਾਠ, ਨਰਿੰਦਰ ਸਿੰਘ ਭਾਉ ਆਦਿ ਨੇ ਵੀ ਸੰਗਤਾਂ ਨੂੰ ਸੰਬੋਧਨ ਕੀਤਾ।

ਜ਼ਿਕਰਯੋਗ ਹੈ ਕਿ ਗੁਰਪਤਵੰਤ ਸਿੰਘ ਪੰਨੂ ਪਹਿਲੀ ਵਾਰ ਐਫ.ਬੀ.ਆਈ. ਦੀ ਭਾਰੀ ਸੁਰੱਖਿਆ ਹੇਠ ਸਿੱਧਾ ਸੰਗਤ ਵਿਚਕਾਰ ਉਪਸਥਿਤ ਹੋਏ।

ਨੌਜਵਾਨ, ਬੱਚੇ ਅਤੇ ਬਜ਼ੁਰਗ ਉਨ੍ਹਾਂ ਨਾਲ ਸੈਲਫੀਆਂ ਲੈਣ ਅਤੇ ਇੱਕ ਝਲਕ ਦੇਖਣ ਲਈ ਉਤਸੁਕ ਨਜ਼ਰ ਆਏ ਰੈਫਰੈਡਮ ਦੌਰਾਨ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਵਿੱਚ ਸ਼ਹੀਦ ਹਰਪ੍ਰੀਤ ਸਿੰਘ ਘਰਾਣਾ ਦੇ ਪਿਤਾ ਤੇ ਮਾਤਾ, ਸ਼ਹੀਦ ਭਾਈ ਚਰਨਜੀਤ ਸਿੰਘ ਚੰਨਾ, ਸ਼ਹੀਦ ਭਾਈ

ਬਲਵਿੰਦਰ ਸਿੰਘ ਜਟਾਣਾ ਦੇ ਨੇੜਲੇ ਸਾਥੀ, ਜੱਥੇਦਾਰ ਜਗਤਾਰ ਸਿੰਘ ਹਵਾਰਾ ਅਤੇ ਭਾਈ ਜਗਤਾਰ ਸਿੰਘ ਤਾਰਾ ਦੇ ਸਾਥੀ ਸ. ਭਗਤ ਸਿੰਘ ਡੇਕਵਾਲਾ, ਸ਼ਹੀਦ ਭਾਈ ਚਮਕੌਰ ਸਿੰਘ ਡਾਲੇ ਦੇ ਪਿਤਾ ਅਤੇ ਭੈਣ, ਸ. ਟਹਿਲ ਸਿੰਘ, ਸ. ਸੁਰਜੀਤ ਸਿੰਘ ਕੁਲਾਰ (ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ) ਦੇ ਵੱਡੀ ਗਿਣਤੀ ਮੈਂਬਰਾਂ ਨੇ ਪਹਿਲਾਂ ਵੋਟਾਂ ਪਾਈਆਂ ਗਈਆਂ ਰਾਸ਼ਟਰਪਤੀ ਨਿਵਾਸ ਨੇੜਲੇ ਇਸ ਗੈਰ-ਸਰਕਾਰੀ ਪੰਜਾਬ ਰੈਫਰੈਡਮ ਨੂੰ ਐਫ. ਬੀ.ਆਈ. ਸਮੇਤ ਸੁਰੱਖਿਆ ਬਲਾਂ ਵੱਲੋਂ ਬਾਜ਼ ਅੱਖ ਵਾਂਗ ਵਾਚਿਆ ਗਿਆ।

ਸਿਵਲ ਕੱਪੜਿਆਂ ਵਿੱਚ ਪੁਲਸ ਦੇ ਦਸਤੇ, ਕੁੱਤਿਆਂ ਨਾਲ ਤਾਇਨਾਤ ਰਹੇ, ਜਿਸ ਨਾਲ ਇਹ ਸਪੱਸ਼ਟ ਹੋਇਆ ਕਿ ਅਮਰੀਕੀ ਸਰਕਾਰ ਨੇ ਇਸ ਪ੍ਰਕਿਰਿਆ ਨੂੰ ਗੰਭੀਰਤਾ ਨਾਲ ਲਿਆ।

---

## (ਮੁੱਖ ਪੰਨੇ ਦੀ ਬਾਕੀ)

ਨੇ ਜਾਂ ਸਮੇਂ ਦੀਆਂ ਸਰਕਾਰਾਂ ਨੇ ਹਊਆ ਬਣਾ ਕੇ ਪੇਸ਼ ਕੀਤਾ ਅਤੇ ਸਿੱਖਾਂ ਦੇ ਆਗੂਆਂ ਨੂੰ ਗਰਮ ਦਲੀਏ, ਦੇਸ਼ ਧਰੋਹੀ, ਅੱਤਵਾਦੀ ਕਹਿ ਕੇ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰਿਆ ਜਾਂ ਜੇਲ੍ਹਾਂ ਵਿੱਚ ਡੱਕ ਕੇ ਤਸੀਹੇ ਦਿੱਤੇ ਜਾ ਰਹੇ ਹਨ। ਇੰਨੇ ਜਬਰ ਤੋਂ ਬਾਅਦ ਵੀ ਸਿੱਖਾਂ ਨੇ ਕਦੇ ਕਿਸੇ ਹੋਰ ਭਾਈਚਾਰੇ ਪ੍ਰਤੀ ਨਫਰਤ ਨਹੀਂ ਰੱਖੀ, ਜਿਹੜੇ ਸਿੱਖ ਖਾਲਿਸਤਾਨ ਮੰਗਦੇ ਹਨ ਉਹਨਾਂ ਨੇ ਕਦੇ ਇਹ ਵੀ ਨਹੀਂ ਕਿਹਾ ਕਿ ਜੇ ਸਾਡਾ ਖਾਲਿਸਤਾਨ ਬਣਦਾ ਹੈ ਤਾਂ ਉਥੋਂ ਦੂਜੇ ਕਿਸੇ ਧਰਮ ਜਾਂ ਜਾਤ ਦੇ ਲੋਕਾਂ ਨੂੰ ਬਾਹਰ ਜਾਣਾ ਪਵੇਗਾ। ਸਗੋਂ ਜਿਹੜੀ ਵੀ ਜਥੇਬੰਦੀ ਸਿੱਖਾਂ ਦੀ ਆਜ਼ਾਦੀ ਦੀ ਗੱਲ ਕਰਦੀ ਹੈ। ਉਹਨਾਂ ਨੇ ਆਪਣੀਆਂ ਜਥੇਬੰਦੀਆਂ ਵਿੱਚ ਕਈ ਹਿੰਦੂ ਮੁਸਲਿਮ ਲੋਕਾਂ ਨੂੰ ਅਹਿਮ ਜ਼ਿੰਮੇਵਾਰੀ ਅਤੇ ਰੁਤਬੇ ਦਿੱਤੇ ਹੋਏ ਹਨ ਅਤੇ ਹਮੇਸ਼ਾ ਸਰਬੱਤ ਦੇ ਭਲੇ ਦੀ ਜਾਂ ਬੇਗਮਪੁਰੇ ਦੀ ਗੱਲ ਕੀਤੀ ਹੈ। ਦੂਜੇ ਪਾਸੇ ਕੁੱਝ ਹਿੰਦੂਤਵੀ ਕੱਟੜਵਾਦੀ ਜਥੇਬੰਦੀਆਂ, ਆਰਐਸਐਸ, ਬਜਰੰਗ ਦਲ, ਵਿਸ਼ਵ ਹਿੰਦੂ ਪਰਿਸ਼ਦ ਅਤੇ ਵੱਖ ਵੱਖ ਨਾਵਾਂ ਥੱਲੇ ਬਣੀਆਂ ਸ਼ਿਵ ਸੈਨਾਵਾਂ ਜਦੋਂ ਵੀ ਹਿੰਦੂ ਰਾਸ਼ਟਰ ਦੀ ਗੱਲ ਕਰਦੀਆਂ ਹਨ ਤਾਂ ਉਸ ਵਿੱਚੋਂ ਪਹਿਲਾਂ ਹੀ ਫਿਰਕੂ ਹਵਾ ਆਉਣ ਲੱਗ ਪੈਂਦੀ ਹੈ। ਸਟੇਜਾਂ ਤੋਂ ਸ਼ਰੇਆਮ ਐਲਾਨ ਕੀਤਾ ਜਾਂਦਾ ਹੈ ਕਿ ਅਗਰ ਭਾਰਤ ਮੇਂ ਰਹਿਣਾ ਹੋਗਾ ਤੋ ਰਾਮ ਰਾਮ ਕਹਿਣਾ ਹੋਗਾ” ਜਾਂ ਜੋ ਭਾਰਤ ਕਾ ਸ਼ਹਿਰੀ ਬਣਨਾ

ਚਾਹਤਾ ਹੈ ਉਸ ਕੋ ਸਨਾਤਨ ਕਬੂਲ ਕਰਨਾ ਪੜੇਗਾ। ਭਾਵ ਜੇ ਤੁਸੀਂ ਕਿਸੇ ਹੋਰ ਭਾਈਚਾਰੇ ਨਾਲ ਸੰਬੰਧਿਤ ਹੋ ਤਾਂ ਹਿੰਦੂ ਰਾਸ਼ਟਰ ਵਿੱਚ ਤੁਹਾਡੀ ਕੋਈ ਥਾਂ ਨਹੀਂ ਹੋ ਸਕਦੀ। ਹੁਣ ਤਾਂ ਬਿਹਾਰ ਦੇ ਜਿਲ੍ਹਾ ਦਰਬੰਗਾ ਵਿੱਚ ਆਜ਼ਾਦੀ ਮੌਕੇ ਕੁੱਝ ਫਿਰਕਾ ਪ੍ਰਸਤਾ ਵੱਲੋਂ ਸ਼ਰੇਆਮ ਤਖਤੀਆਂ ਹੱਥਾਂ ਵਿੱਚ ਫੜਕੇ ਅਤੇ ਭਗਵੇ ਝੰਡੇ ਲੈ ਕੇ ਜਲੂਸ ਕੱਢਿਆ ਗਿਆ ਹੈ। ਇਹਨਾਂ ਤਖਤੀਆਂ ਉੱਤੇ ਲਿਖਿਆ ਵੀ ਹੈ ਕਿ ਸਿੱਖ ਮੁਸਲਮਾਨ ਭਾਰਤ ਛੱਡ ਕੇ ਕਿਸੇ ਹੋਰ ਦੇਸ਼ ਚਲੇ ਜਾਣ। ਨਾਲ ਹੀ ਉੱਚੀ ਆਵਾਜ਼ ਵਿੱਚ ਇਹ ਸਲੋਗਨ ਵਾਰ ਵਾਰ ਦੁਹਰਾਏ ਗਏ। ਪ੍ਰੰਤੂ ਹਾਲੇ ਤੱਕ ਸਰਕਾਰ ਜਾਂ ਕਿਸੇ ਏਜੰਸੀ ਨੇ ਇਸ ਤੇ ਕੋਈ ਕਾਰਵਾਈ ਨਹੀਂ ਕੀਤੀ ਅਤੇ ਨਾ ਹੀ ਗੋਦੀ ਮੀਡੀਆ ਨੇ ਇਸ ਕੱਟੜਵਾਦ ਦਾ ਕੋਈ ਖੁਲਾਸਾ ਕੀਤਾ ਹੈ। ਪੰਜਾਬ ਵਿੱਚ ਜੇ ਕਿਸੇ ਪਿੰਡ ਦੇ ਦੁਖੀ ਹੋਏ ਲੋਕ ਇਹ ਮਤਾ ਪਾ ਦੇਣ ਕਿ ਉਸ ਪ੍ਰਵਾਸੀ ਨੂੰ ਪਿੰਡ ਵਿੱਚ ਨਹੀਂ ਰਹਿਣ ਦੇਵਾਂਗੇ, ਜਿਸ ਦੇ ਕੋਲ ਆਧਾਰ ਕਾਰਡ ਜਾਂ ਸ਼ਨਾਖਤ ਵਾਲੇ ਕਾਗਜ ਨਹੀਂ ਜਾਂ ਇਹ ਕਹਿ ਦੇਣ ਕਿ ਅਸੀਂ ਆਪਣੇ ਸੱਭਿਆਚਾਰ ਅਤੇ ਬੋਲੀ ਦੀ ਸਲਾਮਤੀ ਲਈ ਕਿਸੇ ਗੈਰ ਪੰਜਾਬੀ ਨੂੰ ਜਮੀਨ ਖਰੀਦਣ ਜਾਂ ਵੋਟ ਆਦਿਕ ਬਣਾਉਣ ਦਾ ਵਿਰੋਧ ਕਰਦੇ ਹਾਂ ਤਾਂ ਸਾਰਾ ਦਿਨ ਗੋਦੀ ਮੀਡੀਆ ਇਸ ਗੱਲ ਨੂੰ ਆਪਣੇ ਟੀਵੀ ਚੈਨਲਾਂ ਤੇ ਚੱਕੀ ਵਾਂਗੂ ਪੀਂਹਦਾ ਹੈ। ਸੰਵਿਧਾਨ ਨੇ ਸਾਰੇ ਨਾਗਰਿਕਾਂ ਨੂੰ ਬਰਾਬਰ ਹੱਕ ਦਿੱਤੇ ਹਨ। ਪ੍ਰੰਤੂ ਆਰਐਸਐਸ ਜਾਂ ਬਹੁਗਿਣਤੀ ਨਾਲ ਸਬੰਧਤ ਲੋਕ, ਸ਼ਰੇਆਮ ਸੰਵਿਧਾਨ ਦੀ ਉਲੰਘਣਾ ਕਰਨ ਜਾਂ ਹਿੰਦੂ ਰਾਸ਼ਟਰ ਬਣਾਉਣ ਦਾ ਐਲਾਨ ਕਰਨ ਅਤੇ ਉਸ ਲਈ ਇਹ ਵੀ ਕਹਿਣ ਕਿ ਗੈਰ ਹਿੰਦੂਆਂ ਨੂੰ ਇੱਥੇ ਰਹਿਣ ਦਾ ਹੱਕ ਨਹੀਂ ਤਾਂ ਉਹਨਾਂ ਦੇ ਖਿਲਾਫ ਕੋਈ ਕਾਰਵਾਈ ਨਹੀਂ ਹੋ ਰਹੀ। ਜੇ ਅਜਿਹਾ ਕਿਸੇ ਸਿੱਖ ਜਾਂ ਹੋਰ ਗੈਰ ਹਿੰਦੂ ਦੇ ਮੂੰਹੋਂ ਸੁਭਾਵਿਕ ਵੀ ਨਿਕਲ ਜਾਵੇ ਤਾਂ ਤੁਰੰਤ ਐਨਐਸਏ ਅਤੇ ਯੂਏਪੀਏ ਵਰਗੇ ਕਾਨੂੰਨ ਲਾਗੂ ਹੋ ਜਾਂਦੇ ਹਨ। ਭਾਰਤੀ ਢਾਂਚੇ ਨੂੰ ਚਾਹੀਦਾ ਹੈ ਕਿ ਭਾਰਤ ਨੂੰ ਆਜ਼ਾਦ ਕਰਾਉਣ ਵਾਲੇ ਉਹਨਾਂ ਸਾਰਿਆਂ ਲੋਕਾਂ ਦੇ ਸਾਂਝੇ ਸੰਘਰਸ਼ ਅਤੇ ਕੁਰਬਾਨੀਆਂ ਦਾ ਖਿਆਲ ਰੱਖਦੇ ਹੋਏ, ਸੰਵਿਧਾਨ ਦੀ ਕਦਰ ਕਰਦਿਆਂ, ਨਫਰਤੀ ਜਲੂਸ ਕੱਢਕੇ ਘੱਟਗਿਣਤੀ ਲੋਕਾਂ ਨੂੰ ਧਮਕੀਆਂ ਦੇਣ ਵਾਲੇ ਅਜਿਹੇ ਲੋਕਾਂ ਖਿਲਾਫ ਕਾਰਵਾਈ ਕਰਨੀ ਚਾਹੀਦੀ ਜਾਂ ਫਿਰ ਸਭ ਨੂੰ ਛੋਟ ਦਿੱਤੀ ਜਾਵੇ ਕਿ ਕੋਈ ਵੀ ਆਜ਼ਾਦੀ ਦੀ ਗੱਲ ਕਰ ਸਕਦਾ ਹੈ।


ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ (India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

#1 Services On Your Special Events

SARDAR JI CATERING

Website:www.sardarjicatering.com

ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ



- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

Special Catering Service for 100-125 persons

*No matter the Event *Count on us * Available for all occasions

ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: Off:206-517-4444, Cell:206-771-5079

6417 Roosevelt Way NE #105, Seattle WA 98115 Email:sardarjicatering@gmail.com

# ਗੁਰਦੁਆਰਾ
# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਕੈਂਟ, ਸਿਆਟਲ



## ਬਰਸੀ ਸੰਤ ਬਾਬਾ ਈਸ਼ਰ ਸਿੰਘ ਜੀ
## ਰਾੜਾ ਸਾਹਿਬ ਵਾਲੇ



ਸੰਤ ਬਾਬਾ ਈਸ਼ਰ ਸਿੰਘ ਰਾੜਾ ਸਾਹਿਬ ਵਾਲਿਆਂ ਨੇ ਆਪਣੇ ਜੀਵਨ ਵਿਚ ਲੱਖਾਂ ਪ੍ਰਾਣੀਆਂ ਨੂੰ ਗੁਰੂ ਸ਼ਬਦ ਨਾਲ ਜੋੜਿਆ। ਦੇਸ਼ ਵਿਦੇਸ਼ ਵਿਚ ਪਹੁੰਚ ਕੇ ਸਿੱਖੀ ਦਾ ਪ੍ਰਚਾਰ ਕੀਤਾ ਤੇ ਸੰਗਤਾਂ ਨੂੰ ਕੀਰਤਨ ਰਾਹੀਂ ਨਿਹਾਲ ਕੀਤਾ। ਉਨ੍ਹਾਂ ਵੱਲੋਂ ਸਿੱਖੀ ਪ੍ਰਚਾਰ ਵਿਚ ਨਿਭਾਈ ਭੂਮਿਕਾ ਨੂੰ ਸਿੱਖ ਕੌਮ ਹਮੇਸ਼ਾ ਯਾਦ ਰੱਖੇਗੀ।

ਆਓ ਸਾਰੇ ਰਲ ਮਿਲ ਕੇ ਉਸ ਮਹਾਨ ਆਤਮਾ ਦੀ ਬਰਸੀ ਮਨਾਉਂਦੇ ਹੋਏ ਸਾਰੇ ਗੁਰਦੁਆਰਾ ਸਿੰਘ ਸਭਾ ਸਿਆਟਲ ਵਿਖੇ ਇਕੱਤਰ ਹੋਈਏ। ਉਨ੍ਹਾਂ ਦੇ ਪਾਏ ਹੋਏ ਪੂਰਨਿਆਂ 'ਤੇ ਚੱਲਣ ਦੀ ਕੋਸ਼ਿਸ਼ ਕਰੀਏ। ਉਨ੍ਹਾਂ ਦੇ ਜੀਵਨ ਦੇ ਵਿਲੱਖਣ ਕਾਰਨਾਮਿਆਂ ਨੂੰ ਯਾਦ ਕਰੀਏ, ਸਿੱਖੀ ਦੇ ਇਸ ਬੂਟੇ ਦੀ ਸੇਵਾ ਤੇ ਵਧਣ-ਫੁੱਲਣ ਵਿਚ ਆਪਣਾ ਯੋਗਦਾਨ ਪਾਈਏ।

## ਪ੍ਰੋਗਰਾਮਾਂ ਦਾ ਵੇਰਵਾ

**ਆਰੰਭ ਸ੍ਰੀ ਅਖੰਡਪਾਠ ਸਾਹਿਬ 29 ਅਗਸਤ ਦਿਨ ਸ਼ੁੱਕਰਵਾਰ ਸਵੇਰੇ 10 ਵਜੇ**
**ਭੋਗ ਸ੍ਰੀ ਅਖੰਡਪਾਠ ਸਾਹਿਬ 31 ਅਗਸਤ ਦਿਨ ਐਤਵਾਰ ਸਵੇਰੇ 10 ਵਜੇ**

ਰੋਜ਼ਾਨਾ ਸ਼ਾਮ ਵੇਲੇ ਅਤੇ ਐਤਵਾਰ ਭਾਰੀ ਦੀਵਾਨ ਸਜਣਗੇ

ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਸਨਿਮਰ ਬੇਨਤੀ ਹੈ ਕਿ ਪੂਰਾ ਹਫ਼ਤਾ ਜੀਵਨ ਦੇ ਰੁਝੇਵਿਆਂ ਵਿਚੋਂ ਸਮਾਂ ਕੱਢ ਕੇ ਗੁਰੂ ਘਰ ਹਾਜ਼ਰੀਆਂ ਭਰੋ ਜੀ। ਤਨ, ਮਨ, ਧਨ ਨਾਲ ਸੇਵਾਵਾਂ ਵਿਚ ਹਿੱਸਾ ਪਾਓ। ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋ ਜੀ।

**Contact for Information**

206-841-1431 | 206-604-9539
206-380-4877 | 206-405-0855

**24440-132nd Ave SE KENT, WA 989042 Ph:1-253-239-2790**

## ਸ. ਜਗਰੂਪ ਸਿੰਘ ਸੇਖਵਾਂ ਅਤੇ ਭਾਈ ਮਨਜੀਤ ਸਿੰਘ, ਮੈਂਬਰ ਸ਼੍ਰੋਮਣੀ ਕਮੇਟੀ ਬੱਚਿਆਂ ਦੇ ਖੇਡ ਕੈਂਪ ਵਿਚ ਪਹੁੰਚੇ

# ਪ੍ਰਬੰਧਕਾਂ ਵੱਲੋਂ ਪੁੱਜੀਆਂ ਸਖਸ਼ੀਅਤਾਂ ਦਾ ਮਾਨ ਸਨਮਾਨ ਕੀਤਾ ਗਿਆ

ਸਿਆਟਲ (ਗੁਰਚਰਨ ਸਿੰਘ ਢਿੱਲੋਂ) : ਸ. ਜਗਰੂਪ ਸਿੰਘ ਸੇਖਵਾਂ ਇੰਚਾਰਜ ਹਲਕਾ ਕਾਦੀਆਂ ਅਤੇ ਜਨਰਲ ਸਕੱਤਰ ਪੰਜਾਬ ਆਪ ਪਾਰਟੀ ਅਤੇ ਭਾਈ ਮਨਜੀਤ ਸਿੰਘ ਸਾਬਕਾ ਚੇਅਰਮੈਨ ਪੇਡਾ ਅਤੇ ਮੈਂਬਰ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਖੇਡ ਕੈਂਪ ਸਿਆਟਲ (ਕੈਂਟ) ਵਿਖੇ ਪਹੁੰਚੇ ਜਿੱਥੇ ਪ੍ਰਬੰਧਕਾਂ ਵੱਲੋਂ ਉਨ੍ਹਾਂ ਦਾ ਭਰਪੂਰ ਸਵਾਗਤ ਕੀਤਾ ਗਿਆ। ਮੁੱਖ ਬੁਲਾਰੇ ਸ. ਗੁਰਦੀਪ ਸਿੰਘ ਸੰਧੂ ਨੇ ਦੋਵਾਂ ਪਰਿਵਾਰਾਂ ਦੀਆਂ ਕੌਮੀ ਸੇਵਾਵਾਂ ਬਾਰੇ ਚਾਨਣਾ ਪਾਇਆ। ਜਗਰੂਪ ਸਿੰਘ ਸੇਖਵਾਂ ਦੇ ਸਵਰਗਵਾਸੀ ਸ. ਸੇਵਾ ਸਿੰਘ ਸੇਖਵਾਂ ਦੇ ਪੁੱਤਰ ਹਨ। ਜਿਨ੍ਹਾਂ ਕਿ ਅਕਾਲੀ ਸਰਕਾਰ ਸਮੇਂ ਮਾਲ ਮੰਤਰੀ ਅਤੇ ਸਿੱਖਿਆ ਮੰਤਰੀ ਦੀਆਂ ਸੇਵਾਵਾਂ ਬੜੀ ਨਿਡਰਤਾ ਅਤੇ ਸਮਝਦਾਰੀ ਨਾਲ ਪੂਰੀਆਂ ਕੀਤੀਆਂ। ਹੁਣ ਇਹ ਆਪਣੇ ਹਲਕੇ ਵਿਚ ਪੁਰਜ਼ੋਰ ਮਿਹਨਤ ਕਰ ਰਹੇ ਹਨ। ਭਾਈ ਮਨਜੀਤ ਨੇ ਕੈਂਪ ਦੀ ਭਰਪੂਰ ਸ਼ਲਾਘਾ ਕੀਤੀ ਤੇ ਕਿਹਾ ਕਿ ਇਹ ਤਾਂ ਤੁਸੀਂ ਪੂਰਾ ਪੰਜਾਬ ਬਣਾ ਕੇ ਕੌਮੀ ਸੇਵਾਵਾਂ ਦੇ ਰਹੇ ਹੋ। ਉਹ ਗੁਰੂ ਘਰ ਵਿਚ ਵੀ ਗਏ ਅਤੇ ਸੰਗਤਾਂ ਨੂੰ ਮਿਲੇ। ਉਹ ਅੱਜਕੱਲ੍ਹ ਸ. ਬਲਬੀਰ ਸਿੰਘ ਮਿਸੀਸਿੱਪੀ ਵਾਲਿਆਂ ਕੋਲ ਠਹਿਰੇ ਹੋਏ ਹਨ। ਇਸ ਮੌਕੇ 'ਤੇ ਦਇਆ ਬੀਰ ਸਿੰਘ ਬਾਠ, ਜਗਦੇਵ ਸਿੰਘ ਸੰਧੂ, ਹਰਦੀਪ ਸਿੰਘ ਗਿੱਲ, ਮਨਮੋਹਨ ਸਿੰਘ ਧਾਲੀਵਾਲ, ਮਲਕੀਤ ਸਿੰਘ ਲੀ ਤੇ ਸਰਦਾਰ ਗੁਰਮੇਜ ਸਿੰਘ ਸਿੱਧੂ ਚੇਚੇ ਤੌਰ 'ਤੇ ਪਹੁੰਚੇ ਹੋਏ ਸਨ।



# ਬੱਚਿਆਂ ਦੇ ਸਪੋਰਟਸ ਕੈਂਪ 'ਚ ਸਿਆਟਲ ਨਿਵਾਸੀਆਂ ਦਾ ਭਾਰੀ ਉਤਸ਼ਾਹ

## ਸਮਾਪਤੀ ਸਮਾਰੋਹ ਹੋਵੇਗਾ 24 ਅਗਸਤ ਨੂੰ

ਕੈਂਟ(ਗੁਰਚਰਨ ਸਿੰਘ):ਬੱਚਿਆਂ ਦਾ ਸਪੋਰਟਸ ਕੈਂਪ ਜਿਹੜਾ 5 ਜੁਲਾਈ ਨੂੰ ਸ਼ੁਰੂ ਕੀਤਾ ਗਿਆ ਸੀ, ਬਹੁਤ ਉਤਸ਼ਾਹ ਪੂਰਬਕ ਚੱਲ ਰਿਹਾ ਹੈ। ਬੱਚਿਆਂ ਦੇ ਨਾਲ-ਨਾਲ ਉਨ੍ਹਾਂ ਦੇ ਮਾਪੇ ਵੀ ਭਾਰੀ ਹਾਜ਼ਰੀ ਭਰ ਰਹੇ ਹਨ। ਕਸਰਤ ਵੀ ਕਰਦੇ ਅਤੇ ਸੈਰ ਵੀ ਕਰਦੇ ਹਨ। ਬੀਬੀਆਂ ਨੇ ਯੋਗਾ ਕਸਰਤ ਸ਼ੁਰੂ ਕਰ ਲਈ ਹੈ। ਜਿਸ ਵਿਚ ਭਰਵਾਂ ਇਕੱਠ ਦੇਖਣ ਨੂੰ ਮਿਲਦਾ ਹੈ। ਬਜ਼ੁਰਗ ਵੀ ਵੱਡੀ ਗਣਿਤੀ ਵਿਚ ਪਹੁੰਚ ਕੇ ਖੇਡ ਦਾ ਆਨੰਦ ਮਾਣਦੇ ਹਨ ਅਤੇ ਆਪਸੀ ਵਿਚਾਰਾਂ ਕਰਦੇ ਹਨ। ਨਾਲ-ਨਾਲ ਪ੍ਰਬੰਧਕਾਂ ਦੀ ਵੀ ਬਲਾਘਾ ਕਰਦੇ ਹਨ। ਹਰ ਸ਼ਨੀਵਾਰ ਅਤੇ ਐਤਵਾਰ ਪੀਜ਼ਾ ਦੀ ਸੇਵਾ ਸੇਵਾਦਾਰਾਂ ਵੱਲੋਂ ਕੀਤੀ ਜਾਂਦੀ ਹੈ। ਸਭ ਨੂੰ ਬੇਨਤੀ ਹੈ ਕਿ ਹੁੰਮ- ਹੁਮਾ ਕੇ ਇਸੇ ਪੰਜਾਬੀ ਮੇਲੇ ਵਿਚ ਹਾਜ਼ਰੀ ਭਰੇ ਜਿਸ ਦੀ ਸਮਾਪਤੀ 24 ਅਗਸਤ ਨੂੰ ਕਰ ਰਹੇ ਹਾਂ। ਸਾਡੇ ਸਿਆਟਲ ਦੀਆਂ ਮਾਣ-ਮੱਤੀਆਂ ਸ਼ਖ਼ਸੀਅਤਾਂ ਪਹੁੰਚ ਰਹੀਆਂ ਹਨ। ਇਹ ਜਾਣਕਾਰੀ ਸ. ਗੁਰਦੀਪ ਸਿੰਘ ਸਿੱਧੂ ਤੋਂ ਪ੍ਰਾਪਤ ਕੀਤੀ ਗਈ। ਮਾਣਮੱਤੀਆਂ ਸ਼ਖ਼ਸੀਅਤਾਂ ਵਿਚ ਮਨਮੋਹਨ ਸਿੰਘ ਧਾਲੀਵਾਲ ਅਤੇ ਬਲਜੀਤ ਸਿੰਘ ਸੋਹਲ ਗਰਾਊਂਡ ਨੂੰ ਦੇਖਣ ਆਏ। ਇਸ ਤੋਂ ਇਲਾਵਾ ਸਾਬਕਾ ਕੋਚ ਸ. ਬਲਜੀਤ ਸਿੰਘ ਵਾਲੀਬਾਲ ਕੋਚ ਜਲੰਧਰ ਸਪੋਰਟਸ ਕਾਲਾਂ ਅਤੇ ਹੋਰ ਸਾਥੀ ਵੀ ਪੁੱਜੇ।



# ਬੱਚੇ ਦੇ ਜਿਨਸੀ ਹਮਲੇ ਲਈ ਲੋੜੀਂਦੇ ਵਿਅਕਤੀ ਨੂੰ ਲੱਭਣ ਲਈ ਅਪੀਲ

ਡੈਲਟਾ, ਬੀਸੀ - ਡੈਲਟਾ ਪੁਲਿਸ ਵਿਭਾਗ ਇੱਕ ਬੱਚੇ ਦੇ ਕਥਿਤ ਜਿਨਸੀ ਹਮਲੇ ਲਈ ਕੈਨੇਡਾ-ਵਿਆਪੀ ਵਾਰੰਟ 'ਤੇ ਲੋੜੀਂਦੇ ਵਿਅਕਤੀ ਨੂੰ ਲੱਭਣ ਵਿੱਚ ਸਹਾਇਤਾ ਲਈ ਆਪਣੀ ਜਨਤਕ ਅਪੀਲ ਕਰ ਰਹੀ ਹੈ। ਇਹ ਘਟਨਾ 12 ਸਤੰਬਰ, 2024 ਨੂੰ ਵਾਪਰੀ ਹੋਣ ਦਾ ਦੋਸ਼ ਹੈ। ਜਾਂਚ ਤੋਂ ਬਾਅਦ, ਡੈਲਟਾ ਦੇ 26 ਸਾਲਾ ਗੁਰਕੀਰਤ ਸਿੰਘ ਵਿਰੁੱਧ ਦੋਸ਼ਾਂ ਨੂੰ ਮਨਜ਼ੂਰੀ ਦੇ ਦਿੱਤੀ ਗਈ। "ਅਸੀਂ ਇਸ ਮਾਮਲੇ ਨੂੰ ਮੁਕੱਦਮੇ ਤੱਕ ਦੇਖਣ ਲਈ ਵਚਨਬੱਧ ਹਾਂ ਅਤੇ ਗੁਰਕੀਰਤ ਨੂੰ ਲੱਭਣ ਲਈ ਜਨਤਾ ਤੋਂ ਮਦਦ ਮੰਗ ਰਹੇ ਹਾਂ," ਡੈਲਟਾ ਪੁਲਿਸ ਦੇ ਬੁਲਾਰੇ ਨੇ ਕਿਹਾ "ਜਿਸ ਕਿਸੇ ਕੋਲ ਵੀ ਜਾਣਕਾਰੀ ਹੈ, ਭਾਵੇਂ ਉਹ ਕਿੰਨੀ ਵੀ ਛੋਟੀ ਕਿਉਂ ਨਾ ਲੱਗੇ, ਉਸਨੂੰ ਅੱਗੇ ਆਉਣ ਦੀ ਅਪੀਲ ਕੀਤੀ ਜਾਂਦੀ ਹੈ।




ਆਪਣੇ ਵਪਾਰ ਦੇ ਵਾਧੇ ਲਈ ਇਸ਼ਤਿਹਾਰ ਪਾਉਣ ਲਈ ਫੋਨ ਕਰੋ
604-590-5200

Trusted Name in Real Estate
ਕਿਸੇ ਵੀ ਤਰ੍ਹਾਂ ਦੀ ਰੈਜੀਡੈਂਸ਼ੀਅਲ ਜਾਂ ਕਮਰਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਸਾਡੇ ਨਾਲ ਸੰਪਰਕ ਕਰੋ



GURBINDER DHALIWAL
REAL ESTATE BROKER
Cell:425-314-2111
Email:garyd@windermere.com
garydhaliwal.withwre.com
Windermere REAL ESTATE
801 State Ave,
Marrysville, Wa 98270

HOUSE FOR SALE
12728 SE 287TH Place, Auburn, WA 98092





Nestled in a serene Cul-de-sac, this exquisite residence offers the perfect blend of comfort and sophistication. The heart of the home lies in its gourmet kitchen, where culinary dreams come to life amidst top-of-the-line appliances, sleek countertops, and ample storage. Step outside onto the covered deck, a true oasis that extends your living space. The ambiance is elevated by a cozy fireplace, providing warm and inviting atmosphere for year-round outdoor enjoyment. Venture downstairs to discover a meticulously finished basement, featuring a private one-bedroom suite and a stylishly appointed bathroom. This versatile space offers endless possibilities, whether used as a guest retreat, home office, or an entertainment hub.



MANDEEP SANGHA
REAL ESTATE BROKER
Cell:425-210-8985
Email:m.sangha@windermere.com
m.sangha.withwre.com

ਅਸੀਂ ਮੁਫਤ ਨੋਟਰੀ ਸੇਵਾਵਾਂ ਦਿੰਦੇ ਹਾਂ

## ਹਾਸ ਵਿਅੰਗ

# ਕੁੱਤਾ ਸਾਲਾ

"ਕੀ ਕਿਹੈ ਈ ?" ਗਾਹਲ ਕਿਓਂ ਕੱਢ ਰਿਹੈਂ ? "

"ਮੈਂ ਤਾਂ ਕੋਈ ਗਾਲ਼੍ਹ ਨਹੀਂ ਕੱਢੀ "

" ਹੱਦ ਹੋ ਗਈ.,, ਮੰਨਣ ਨੂੰ ਈ ਤਿਆਰ ਨਹੀਂ , ਸ਼ਰਮ ਤੈਨੂੰ ਕੀ ਆਏ ਗੀ ? "

" ਇਹਦੇ ਵਿਚ ਸਰਮ ਦੀ ਕਾਹਦੀ ਗਲ ? ਸਰਮ ? ਸਰਮ ਤੇ ਤਾਂ ਆਵੇ ਜੇ ਮੈਂ ਕੋਈ ਗਾਲ਼੍ਹ ਕੱਢੀ ਹੋਵੇ ।"

" ਤੇ ਫਿਰ ਇਹ ਕੁੱਤਾ ਕੀ ਏ?"

" ਇਹ ਬਹੁਤ ਹੀ ਪਿਆਰਾ ਪਿਆਰਾ ਬਫਾਦਾਰ ਜਾਨਵਰ ਏ

" ਤੇ ਸਾਲਾ ?" ੀ

" ਸਾਲਾ ...ਸਾਲਾ ਏ "

" ਤੂੰ ਯਾਰ ਕੀ ਆਦਮੀ ਏਂ ? ਇਕ ਤੇ ਤੂੰ ਕੁੱਤਾ ਕਿਹਾ .....ਫਿਰ ਸਾਲਾ ਕਹਿ ਦਿੱਤਾ ..ਘਰ ਵਾਲੀ ਦਾ ਭਰਾ ...ਤੇ ਫਿਰ ਉਹ ਕੌਣ ਹੋਈ ....? ,,,ਫਿਰ.ਕਹਿੰਦੈ ਮੈਂ ਗਾਲ਼੍ਹ ਨਹੀਂ ਕੱਢੀ "

" ਓ..ਹੋ...ਇਹ ਸਾਲਾ ਘਰ ਵਾਲੀ ਦਾ ਭਰਾ ਨਹੀਂ ......ਇਹ ਦੂਜਾ ਸਾਲਾ ਵੇ ...ਜਿਵੇਂ ...ਗਊ ਸਾਲਾ ..ਪਾਠਸਾਲਾ..ਮਧੂਸਾਲਾ .." ...

" ਅੱਛਾ ..ਅੱਛਾ ਤੇਰਾ ਮਤਲਬ ਇਹ ਕੁੱਤਾਸ਼ਾਲਾ ਏ ,ਗਊਸ਼ਾਲਾ ਵਾਂਗ । ਠੀਕ ਠੀਕ ਸਮਝ ਗਿਆ ਤਾਂ ਤੂੰ ਵੀ ਉਨ੍ਹਾਂ ਵਿੱਚੋਂ ਏ ਜਿਹੜੇ ਯੂਕਰੇਨ ਦੀ ' ਜੰਗ ' ਨੂੰ ' ਜ਼ੰਗ ' ਕਹਿੰਦੇ ਨੇ ' ਸ਼ੌਂਕਣ ਮੇਲੇ ਦੀ ' ਨੂੰ ' ਸੌਂਕਣ ਮੇਲੇ ਦੀ ' ਕਹਿੰਦੇ ਨੇ...ਸੌਂਕਣ ।"

" ਆਹੋ .....ਜੀ।"

" ਪਰ ਇਹ ਕੁੱਤਾਸ਼ਾਲਾ ਕੀ ਹੋਇਆ ?".

."..ਓਹੀ ਜੋ ਗਊਸਾਲਾ ਵਾਂਗ ਈ .... ਓਥੇ ਗਲੀ ਦੇ ਕੁੱਤਿਆਂ ਨੂੰ ਸਰਨ ਦਿੱਤੀ ਜਾਏਗੀ ।"

" ਤਾਂ ਕੀ ,ਸਾਰੇ ਗਲੀ ਦੇ ਕੁੱਤਿਆਂ ਨੂੰ ਇਕ ਥਾਂ ਇੱਕਠਾ ਕਰਕੇ ,ਕੁੱਤਾਸ਼ਾਲਾ ਬਣਾ ਦੇਣ ਗੇ ?"

" ਜੀ... ਆਹੋ ਜੀਂ "

" ਇਸ ਪਿੱਛੇ ਸੋਚ ਕਿਸ ਦੀ ਏ ? "

" ਹੈਰਾਨ ਹੋਣ ਵਾਲੀ ਗਲ ਇਹ ਹੈ ਜੀ , ਕਿ ਅਪਣੇ ਭਾਰਤ 'ਚ ਦੀ ਇਕ ਰਾਜ ਸਰਕਾਰ ਨੇ ਕੁੱਤਿਆਂ ਵਾਸਤੇ ਇਹ ਨਵੀਂ ਸਕੀਮ ਵਿੱਢੀ ਏ ।"

" ਇਸ ਪਿੱਛੇ ਹੋਰ ਕੋਈ ਦੂਜੀ ਗਹਿਰੀ ਚਾਲ ਤੇ ਨਹੀਂ ....ਸਰਕਾਰ ਦੀ ?"

" ਐਵੇਂ ਘੁੰਨਤਰਾਂ ਕੱਢੀ ਜਾਂਦੇ ਓ....ਕਿਹੜੀ ਦੂਜੀ ਚਾਲ ?"

" ਮੇਰੇ ਕਹਿਣ ਦਾ ਮਤਲਬ ਏ ਕਿ ਏਥੇ ਤਾਂ ਰੋਜ਼ ਹੀ ਕਿਧਰੇ ਨ ਕਿਧਰੇ ਖ਼ਬਰ ਲੱਗੀ ਹੋਂਦੀ ਹੈ ਕਿ ਗਊਸ਼ਾਲਾ 'ਚ ਭੁਖ ਕਾਰਨ ,ਪੰਜਾਹ ਗਊਆਂ ਮਰ ਗਈਆਂ.... ਸੌ ਗਊਆਂ ਮਰ ਗਈਆਂ । ਬਸ ਇਕ ਥਾਂ ਕੁੱਤੇ ਇਕੱਠੇ ਕਰੋ ਤੇ.... ਤੇ ਓਧਰ ਕਿਧਰੇ ਨਾਗਾਲੈਂਡ ਵਲ .... "

" ਰੱਬ ਦਾ ਨਾਂ ਲਓ ਜੀ .... ਨਹੀਂ ਇਸ ਵਾਸਤੇ ਤਾਂ ਸਰਕਾਰ ਨੇ ਚੰਗਾ ਖਾਸਾ ਪਰੰਬਧ ਉਲੀਕਿਆ ਹੋਇਐ....,ਇਕ ਡਾਕਟਰ ਵੀ ਹੋਏ ਗਾ ਉਨ੍ਹਾਂ ਦੀ ਸਿਹਤ ਦਾ ਖਿਆਲ ਰੱਖਣ ਲਈ ....,ਤੇ ਚਿਕਨ ਦੀਆਂ ਟੰਗੜੀਆਂ ਦਾ...."

"ਚਿਕਨ ਦੀਆਂ ਟੰਗੜੀਆਂ ?"

" ਜੀ ਚਿਕਨ ਬਰਿਆਨੀ ਮੁਹੱਈਆ ਕਰਾਨ ਗੇ ਇਨ੍ਹਾਂ ਕੁੱਤਿਆਂ ਲਈ ... ਘੱਟ ਘੱਟ ਤੋਂ ਦਿਨ ਵਿਚ ਇਕ ਡੰਗ ਤਾਂ ਦੇਣ ਗੇ ਹੀ "

" ਮਜਾਕ ਤਾਂ ਨਹੀਂ ?...ਮੇਰੇ ਮੂੰਹ 'ਚ ਵੀ ਪਾਣੀ ਆ ਗਿਆ ਏ "

" ਮੈਂ ਤਾਂ ਕਰਨਾਟਕ ਸਰਕਾਰ ਦਾ ਆਦੇਸ ਪੜ੍ਹਿਆ ਹੈ ਜੀ ,ਤਾਂ ਹੀ ਤੁਹਾਨੂੰ ਇਹ ਸਾਰਾ ਵੇਰਵਾ ਦੇ ਰਹਾ ਹਾਂ "

" ਫੇਰ ਤਾਂ ਇਹ ਬਹੁਤ ਵੱਡੀ ਦਾਅਵਤ ਹੋ ਗਈ...."

"ਆਹੋ ..ਜੀ "

" ਕਾਹਦਾ ਆਹੋ ਦੀ ? ਇਹ ਦਾਅਵਤ ਖੁਲ੍ਹੀ ਦਾਅਵਤ ਏ ਕਿ ਆਓ ...ਖੁਲ੍ਹਮ ਖੁਲ੍ਹਾ ਹੇਰਾਫੇਰੀ ਕਰੋ "

" ਹਾਂ ਹੋ ਤਾਂ ਸਕਦਾ ਥੋੜ੍ਹਾ ਬਹੁਤ ..."

:"ਥੋੜ੍ਹਾ ਬਹੁਤ ? ਏਥੇ ਤਾਂ ਸਕੂਲਾਂ ਦੀ ਮਿਡ-ਡੇ ਮੀਲ ਵੇਲੇ ,ਤੱਤੇ ਪਾਣੀ 'ਚ ਲੂਣ ਤੇ ਹਲਦੀ ਘੋਲ ਕੇ.... 'ਸੂਪ' ਕਹਿ ਕੇ ਪਲਾ ਦੇਂਦੇ ਨ । ਪਰ ਉਹ ਵਿਚਾਰੇ .ਕੁਝ ਨਹੀਂ ਬੋਲ ਸਕਦੇ..... ਏਥੇ ਤਾਂ ਵੈਸੇ ਹੀ ਬੇਜ਼ਬਾਨੇ ਨ । ਉਹ ਇਕ ਗੀਤ ਏ ਨ.....ਕੀ ਕਹਿੰਦੇ ਨੇ ... ਕਿ ..ਕੌਣ ਆਖੇ ਸਾਹਿਬ ਨੂੰ ....ਇੰਝ ਨਹੀਂ ਤੇ ਇੰਝ ਕਰ ....ਇਹ ਗੀਤ ਕੁਝ ਕੁਝ

ਇਸ ਤਰ੍ਹਾਂ ਗਾਇ ਕਰਨਗੇ ...

" ਇਕਨਾਂ ਦੇ ਘਰ ਚਿਕਨ ਬਰਇਆਨੀ ਹੋਰ ਵੀ ਕੁਝ ਕੁੱਕੜ ਸ਼ੁੱਕੜ

ਇਸਨਾਂ ਦੇ ਘਰ ਖਾਰਾ ਪਾਣੀ ਤੇ ਕੁਝ ਸੁੱਕਾ ਟੁੱਕਰ

ਪਾਣੀ ਡੁਲ੍ਹਿਆ,ਪੈਰ ਲਗ ਕੇ , ਤੇ ਕਾਂ ਲੈ ਗਿਆ ਟੁੱਕਰ

ਕੌਣ ਆਖੇ ....ਸਾਹਿਬ ਨੂੰ.... ਇੰਝ ਨਹੀਂ ਤੇ ਇੰਝ ਕਰ ।ਦੂਜੇ ਘਰ ਸੁੱਕਾ ਟੁੱਕਰ

ਕੌਣ ਆਖੇ ਸਾਹਿਬ ਨੂੰ ,ਤੂੰ ਇੰਝ ਨਹੀਂ ਤਾਂ ਇੰਝ ਕਰ । ਏਥੇ ਸਾਹਿਬ ਨੂੰ ਕਹਿਣ ਦੀ ਵੀ ਲੋੜ ਨਹੀਂ .. ਜੋ ਕਰਨਾ ਸੋ ਆਪ ਈ ਕਰਨਾ ਏ ਏਥੇ ਤਾਂ ਕਿਸੇ ਸਾਹਿਬ ਨੂੰ ਕਹਿਣ ਕਹਾਣ ਦੀ ਲੋੜ ਨਹੀਂ । ਅਖੇ ਕਹਿੰਦੇ ਨੇ ਕਿ ਬੰਦੇ ਭਾਵੇਂ ਭੁੱਖੇ ਮਰ ਜਾਣ ...ਬਿਸਕੁਟ ਖਾਣ ਕਤੂਰੇ ......ਆਖ਼ਰ ਬੰਦਿਆਂ ਦੇ ਵੀ ਤਾਂ ਵਿਲ੍ਹਕਦੇ ਬੱਚੇ ਨੇ ਜਿਨ੍ਹਾਂ ਨੂੰ ਢਿੱਡ ਭਰਨ ਨੂੰ ਕੁਝ ਤਾਂ ਚਾਹੀਦੈ ... "

" ਇਕ ਤਾਂ ਸਰਕਾਰ ਸੋਚਦੀ ਹੈ ਕੁਝ ਬੇਜ਼ਬਾਨਾਂ ਲਈ ਤੇ ਤੁਸੀਂ ਤਹੁਮਤਾਂ ਲਾਣ ਨੂੰ ਨਹੀਂ ਹਟਦੇ । ਤੁਹਾਡੇ ਕਹਿਣ ਦੇ ਮੁਤਾਬਿਕ ਉਨ੍ਹਾਂ ਬੇ ਜ਼ੁਬਾਨਾਂ ਲਈ ਕੁਝ ਕਰਨ ਕਰਾਨ ਦੀ ਲੋੜ ਈ ਨਹੀਂ..... ਤੇ ਗਲੀ ਮੁਹੱਲਿਆਂ ਦੇ ਕੁੱਤੇ ਦਰ ਦਰ ਮੰਗਣ ਤੇ ਭੁੱਖੇ ਮਰਨ ।"

" ਤੁਹਾਨੂੰ ਪਤਾ ਹੋਣਾ ਚਾਹੀਦਾ ਏ ਨ.... ਕਿ ਨ ਹੀ ਗਲੀਆਂ ਦੇ ਕੁੱਤੇ ਭੁੱਖੇ ਮਰਦੇ ਨੇ ਤੇ ਨ ਹੀ ਗਲੀਆਂ ਤੇ ਸੜਕਾਂ ਤੇ ਘੁੰਮਦੀਆਂ ਆਵਾਰਾ ਗਾਵਾਂ । ਆਵਾਰਾ ਗਾਂਵਾਂ ਵਾਸਤੇ ਤਾ ਕਿੰਨੇ ਸਾਰੇ ਭਗਤ ,ਘਰੋਂ ਸਪੈਸ਼ਲ ਪਕਵਾਨ ਬਣਵਾਕੇ , ਸੜਕ ਤੇ ਕਾਰ ਖਲ੍ਹਾਰ ਕੇ ਗਾਵਾਂ ਨੂੰ ਨਾਸ਼ਤਾ ਕਰਵਾਂਦੇ ਹਨੇ ,ਜੇ ਫਿਰ ਵੀ ਕੋਈ ,ਰੱਬ ਨ ਕਰੇ ...ਕੋਈ ਗਾਂ ਭੁੱਖੀ ਰਹਿ ਜਾਏ ਤਾਂ ਉਹ ਆਪ ਹੀ ਕਿਸੇ ਰੇਹੜੀ ਤੇ ਮੂੰਹ ਮਾਰ ਲੈਂਦੀਆਂ ਹਨ । ਹਰ ਵੇਲੇ ਰੱਜੀਆਂ ਪੁੱਜੀਆਂ । ਜੇ ਇਤਬਾਰ ਨ ਹੋਵੇ ਤਾਂ ਇਨ੍ਹਾਂ ਨੂੰ ਗਊ ਸ਼ਾਲਾ ਦੀਆਂ ਗਾਵਾਂ ਨਾਲ ਖਲਿਹਾਰ ਕੇ ਦੇਖ ਲਵੋ ,ਉਨ੍ਹਾਂ ਦੀਆਂ ਹੜਬਾਂ ਨਿਕਲੀਆਂ ਗਾਵਾਂ ਨਾਲ ਜਿਨ੍ਹਾਂ ਦੀਆਂ ਖ਼ਬਰਾਂ ਅਖ਼ਬਾਰਾਂ ਵਿਚ ਨਿੱਤ ਛਪਦੀਆਂ ਰਹਿੰਦੀਆਂ ਹਨ ..... ਪਰ ਤਾਂ ਵੀ ਉਸ ਸਰਕਾਰ ਦੀ ਸੋਚ ਤੇ ਹੌਂਸਲੇ ਦੀ ਦਾਦ ਦੇਣੀ ਚਾਹੀਦੀ ਹੈ ,ਜਿਸ ਸਰਕਾਰ ਨੂੰ ਕੁੱਤਿਆਂ ਦਾ ਖਿਆਲ ਆਇਐਆ ਹੈ ।"

" ਆਹੋ ਜੀ..... ਬਿਲਕੁਲ ਠੀਕ ।"

" ਆਹੋ ਜੀ ਵੀ ਠੀਕ ਏ ...ਵੈਸੇ ਈ ....ਮੈਨੂੰ ਖਿਆਲ ਆਇਐ....ਕਿ ਕੁੱਤਾ ਤਾਂ ਕੁੱਤੇ ਦਾ ਵੈਰੀ ਹੁੰਦਾ ਏ ...ਚਲੋ ਇਹ ਵੀ ਮੰਨ ਲਿਆ ਜਾਏ ਕਿ ਕਿ ਇਕ ਗਲੀ ਦੇ ਕੁੱਤੇ ਆਪਸ ਵਿਚ ਫਿਰ ਵੀ ਰੱਲਮਿਲ ਕੇ ਰਹਿੰਦੇ ਹਨ ਪਰ ਦੂਸਰੀ ਗਲੀ ਦੇ ਕੁੱਤਿਆ ਨਾਲ ਤਾ ਹਮੇਸ਼ਾ ਭੌਂਕ ਭੁੰਕਾਈ ਤਾਂ ਲੱਗੀ ਹੀ ਰਹਿੰਦੀ ਹੈ ,ਫਿਰ ਸਭ ਗਲੀਆਂ ਦੇ ਕੁੱਤੇ ਆਪਸ ਵਿਚ ਕਿਵੇਂ ਇਕੱਠੇ ਰਹਿਣ ਗੇ ਗਊ ਸ਼ਾਲਾ ਦੀ ਗਲ ਹੋਰ ਏ .ਓਥੇ ਤਾਂ ਸਾਰੀਆਂ ਗਊਆਂ ਈ ਗਊਆਂ ਹਨ ,ਏਥੇ ਤਾਂ ਕੋਈ ਜੈਂਡਰ ਦਾ ਵੀ ਧਿਆਨ ਖਿਆਲ ਨਹੀਂ ਰਖਿਆ ਜਾਣਾ । ਸਭ ਕੁੱਤੇ ਕੁੱਤੀਆਂ....ਸਭ ਇੱਕੋ ਵਾੜੇ ਵਿਚ । ਕੀ ਬਣੇਗਾ ਇਸ ਕੁੱਤਾ ਸ਼ਾਲਾ ਦਾ ..?..ਰੱਬ ਖੈਰ ਕਰੇ ।"

" ਦੇਖਣਾ ....ਵਕਤ ਪੈਣ ਤੇ ਸਭ ਠੀਕ ਹੋ ਜਾਣਾ ਜੀ ...ਆਖਰ ਇੱਕੋ ਬਰਾਦਰੀ ਤਾਂ ਇੱਕੋ ਈ ਏ ਨ.... ਵੈਸੇ ਵੀ ਬਹੁਤ ਹੀ ਸਮਝਦਾਰ ਜਾਨਵਰ ਏ ,..ਸਭ ਠੀਟੀਕ ਹੋ ਜਾਣੈ ਵਕਤ ਪੈਣ ਨਾਲ ...".

" ਕੁਝ ਨਹੀਂ ਹੋਣਾ ..ਮਿਸਾਲ ਸਾਡੇ ਸਾਮ੍ਹਣੇ ਵੇ.. ਤੂੰ ਕੀ ਸਮਝਦਾ ਏਂ ਕਿ ਮਨੁੱਖ ਕੁਤਿਆਂ ਤੋਂ ਨਾਲੋਂ ਘਟ ਸਿਆਣੇ ਨੇ..?.....ਕਰੋੜਾਂ ਸਾਲ ਹੋ ਗਿਏ ਨੇ ਹਾਲੇ ਤਕ ਤਾਂ ਇਨ੍ਹਾਂ ਨੇ ਰੱਲਮਿਲ ਕੇ ਰਹਿਣਾ ਤਾਂ ਸਿਖਿਆ ਨਹੀਂ ।... ਜ਼ਰ ਜ਼ਨ ਤੇ ਜ਼ਮੀਨ ਲਈ ਲ਼ਰਾਈਆਂ ਤਾਂ ਆਮ ਗਲ ਸੀ ਫਿਰ ਧਰਮ ਦੇ ਨਾਂ ਤੇ ਹੁਣ.....। ਹੋਰ ਤੇ ਹੋਰ ਹੁਣ ਤਾਂ ਖ਼ੂਨ ਖ਼ਰਾਬਾ ਤੇ ਆਪਸੀ ਖਾਨਾ ਜੰਗੀ ਇਸ ਗਲ ਤੇ ਹੋ ਰਹੀ ਹੈ ਕਿ ਅਪਣਾ ਰਾਜਸੀ ਪਰਬੰਧ ਕਿਸ ਤਰ੍ਹਾਂ ਦਾ ਹੋਣਾ ਚਾਹੀਦੈ । ਲੜਨ ਲਈ ਕਿਸੇ ਵਜਾਹ ਦੀ ਲੋਰ ਨਹੀਂ .....ਲੜਨਾ ਹੈ ਤਾਂ ਬਸ ਲੜਨਾ ਹੈ .... ਕੁੱਤਿਆਂ ਵਾਂਗ ।"

" ਇਸ ਦਾ ਮਤਲਬ ,ਤੁਹਾਡੇ ਵੱਲੋਂ ਇਹ ਸਕੀਮ ਪੂਰੀ ਤਰ੍ਹਾਂ ਫੇਲ੍ਹ" .

" ਨਹੀਂ ਜੀ ਬਿਲਕੁਲ ਨਹੀਂ ।ਇਹ ਸਕੀਮ ਪੂਰੀ ਤਰ੍ਹਾਂ ਲਾਗੂ ਹੋਣੀ ਚਾਹੀਦੀ ਏ ।ਕੁੱਤਿਆਂ ਦਾ ਕਿਹੜਾ ਕੋਈ ਨੁਮਾਇੰਦਾ ਏ ,ਜਿਸ ਨੇ ਫਿਰ ਲਾਗੂ ਕਰਵਾ ਲੈਣੀ ਏ । ਸਗੋਂ ਇਸ ਦੀ ਨਕਲ ਤਾਂ ਹੋਰ ਦੂਸਰੇ ਰਾਜ ਵੀ ਕਰਨ ਗੇ । "

"ਤੁਹਾਡਾ ਬਹੁਤ ਬਹੁਤ ਧੰਨਵਾਦ ਜੀ....ਮੈਂ ਚਲਦਾਂ।

"ਕਾਹਦਾ ਧੰਨਵਾਦ ? ਰੁੱਕ ਭਾਈ.... ਇਕ ਗਲ ਯਾਦ ਰਖਣਾ ਮੇਰੀ ....,ਉਨ੍ਹਾਂ ਕੁੱਤਿਆਂ ਨਾਲ ਕਦੀ ਵੀ ਇਨਸਾਫ਼ ਨਹੀਂ ਹੋ ਪਾਏ ਗਾ ,ਜਿਨ੍ਹਾਂ ਦੀ ਹਿੱਸੇ ਦੀ ਬਰਿਆਨੀ ਦੂਜੇ ਘਰ ਦਾ ਟੱਬਰ ਖਾ ਕੇ ਉਂਗਲਾਂ ਚਟਦਾ ਰੱਬ ਦਾ ਵਾਰ ਵਾਰ ਸ਼ੁਕਰਗੁਜਾਰ ਹੋਏਗਾ । ਇਸ ਤੇ ਮੈਨੂੰ ਇਕ ਗੀਤ ਯਾਦ ਆ ਰਹਾ ਏ ...ਏਥੇ ਡਾਢੇ ਰੱਬ ਨੂੰ ਸ਼ਿਕਾਇਤ ਕੀਤੀ ਗਈ ਏ ....ਕਿ ਕਿਨ੍ਹਾਂ ਜੱਮੀਆਂ ਤੇ ਕਿਨ੍ਹਾਂ ਲੈ ਜਾਣੀਆਂ । ਮੈਨੂੰ ਨਹੀਂ ਪਤਾ ਕਿ ਕਿਸ ਨੇ ਕਿਸ ਨਾਲ ਬੇਇਨਸਾਫੀ ਕੀਤੀ ਏ ਪਰ ਇਹ ਗੀਤ ਸੁਣ ਕੇ ਅੱਖਾਂ ਜ਼ਰੂਰ ਨੰਮ ਹੋ ਜਾਂਦੀਆਂ ਹਨ । ਵਕਤ ਨਾਲ ਇਸ ਗੀਤ ਦੀ ਸ਼ਬਦਾਵਲੀ ਬਦਲਣ ਵਾਲੀ ਹੈ ....ਕੁਝ ਕੁਝ ਇਸ ਤਰ੍ਹਾਂ ਬਿਰਆਨੀ ਆਂ .ਆਂ ..ਆਂ

... ਹਾਏ ਵੇ ਮੇਰੇ ਡਾਢਿਆ ਰੱਬਾ

ਕਿਨ੍ਹੇ ਬਣਾਈਆਂ ...ਤੇ ਕਿਨ੍ਹਾਂ ...ਨੇ ਖਾ ਜਾਣੀਆਂ.. ਆਂ .....

ਹਾਏ ਵੇ ਮੇਰੇ ਡਾਢਿਆ ਰੱਬਾ .....ਇਕ ਦੂਜੇ ਨਾਲ ਲੜਨਾ ,ਵਜਾਹ ਦੀ ਕੋਈ ਲੋੜ ਨਹੀਂ ....ਬਸ ਲੜਨਾ ਹੈ ਕੁੱਤਿਆ'

ਕਿਸ ਤੇ ਵਧੀਕੀ ਹੋਈ ..ਗਲ ਇਹ ਨਹੀਂ ਪਰ ਅੱਖਾਂ ਜ਼ਰੂਰ ਨੰਮ ਹੋਣਗੀਆਂ ... ਉਸ ਬਿਰਆਨੀ ਦਾ ਜੋ ਉਨ੍ਹਾਂ ਕੁੱਤਿਆ ਦੇ ਹਿੱਸੇ ਆਂਣੀ ਸੀ ।

ਰੱਬ ਰਾਖਾ ।"ਬਿਰਆਨੀਆਂ"

" ਆਹੋ ਜੀ .....ਤੁਹਾਡਾ ਵੀ ਰੱਬ ਰਾਖਾ " ਹਾਏ ਵੇ ਮੇਰੇ ਡਾਢ੍ਹਿਆ ਰੱਬਾ ਬਣਾਈਆਂ ਕਿਨ੍ਹਾਂ ਲਈ ...ਤੇ ਕਿਨ੍ਹਾਂ ਨੇ ਖਾ ਜਾਣੀਆਂ

**-ਸੁਰਿੰਦਰ ਸਿੰਘ ਓਬਰਾਏ**


Member FDIC EQUAL HOUSING LENDER SBA Preferred Lender



Best-in-Class Banking Built to Respect Your Journey

## Bank of Hope SBA Loans*

- **Fast decisions** through PLP Lender
- **Long term financing** up to 25 years for real estate loans, 10 years for business loans
- **Low down payments** as low as 10% for real estate loans
- **Fully amortized payments** with no balloon payments
- **Closing costs financing** available for eligible applicants

*All terms and conditions are subject to underwriting and credit approval.

## Bank of Hope Commercial Lending

- **Commercial Loans**
  - Financing for retail strip centers and apartment purchases or refinances
- **Term Loan Features**
  - Up to 7-year installment terms
  - Fixed monthly payments (principal & interest) with full repayment at maturity
  - Lump sum disbursement
  - Fixed or variable interest rates
- **Commercial Real Estate Loans & Lines of Credit**
  - Ideal for purchasing or refinancing commercial properties for business owners

**Top 2% SBA Lender in the U.S. by Volume‡**

**Brian Kang** Business Banking / SVP & PNW Business Banking Regional Director
**Seattle Office** (425) 921-1098 **Portland Office** (971) 801-6275


Scan for more Info

Bank of Hope®

‡Source: SBA national lender rankings for Fiscal Year ended 09/30/2024.

# ਢਾਹਾਂ ਸਾਹਿਤ ਇਨਾਮ ਦੇ ਫਾਈਨਲ ਵਿੱਚ ਬਲਬੀਰ ਪਰਵਾਨਾ, ਮੁਦੱਸਰ ਬਸ਼ੀਰ ਤੇ ਭਗਵੰਤ ਰਸੂਲਪੁਰੀ ਦੀਆਂ ਪੁਸਤਕਾਂ ਦੀ ਚੋਣ

ਸਰੀ: ਕੈਨੇਡਾ ਦੀ ਧਰਤੀ ਤੋਂ ਸਾਲ 2013 ਵਿਚ ਆਰੰਭ ਹੋਏ ਅਤੇ ਪੰਜਾਬੀ ਸਾਹਿਤ ਦੇ ਪ੍ਰਚਾਰ-ਪ੍ਰਸਾਰ ਨੂੰ ਸਮਰਪਿਤ 51000 ਕੈਨੇਡੀਅਨ ਡਾਲਰ ਦੇ ਢਾਹਾਂ ਸਾਹਿਤ ਇਨਾਮ 2025 ਦੇ ਆਖਰੀ ਪੜਾਅ ਵਿਚ ਪ੍ਰੁੱਜੀਆਂ ਤਿੰਨ ਪੁਸਤਕਾਂ ਅਤੇ ਉਹਨਾਂ ਦੇ ਲੇਖਕਾਂ ਦੇ ਨਾਵਾਂ ਦਾ ਐਲਾਨ ਸ੍ਰੀ ਲਾਇਬ੍ਰੇਰੀ ਦੀ ਨਿਊਟਨ ਸ਼ਾਖਾ ਵਿਖੇ ਹੋਈ ਪ੍ਰੈਸ ਕਾਨਫਰੰਸ ਦੌਰਾਨ ਕਰ ਦਿੱਤਾ ਗਿਆ ਹੈ । ਇਸ ਮੌਕੇ ਸ. ਬਰਜਿੰਦਰ ਸਿੰਘ ਢਾਹਾਂ ਬਾਨੀ ਢਾਹਾਂ ਸਾਹਿਤ ਇਨਾਮ ਨੇ ਸੰਬੋਧਨ ਕਰਦੇ ਤਿੰਨ ਫਾਈਨਲਿਸਟਾਂ ਸ੍ਰੀ ਬਲਬੀਰ ਪਰਵਾਨਾ (ਜਲੰਧਰ) ਦੇ ਨਾਵਲ 'ਲਿਆਂ ਵੇਲੇ', ਸ੍ਰੀ ਮੁਦੱਸਰ ਬਸ਼ੀਰ (ਲਾਹੌਰ) ਦੇ ਨਾਵਲ 'ਗੋਇਲ' ਅਤੇ ਸੀ ਭਗਵੰਤ ਰਸੂਲਪੁਰੀ (ਜਲੰਧਰ) ਦੇ ਕਹਾਣੀ ਸੰਗ੍ਰਹਿ 'ਡਲਿਵਰੀ ਮੈਨ' ਦੇ ਨਾਵਾਂ ਦਾ ਐਲਾਨ ਕੀਤਾ । ਉਹਨਾਂ ਦੱਸਿਆ ਕਿ ਨੱਰਥਵਿਊ ਗਲਫ ਐਂਡ ਕੰਟਰੀ ਕਲੱਬ ਸਰੀ ਵਿਚ 13 ਨਵੰਬਰ 2025 ਨੂੰ ਹੋ ਰਹੇ ਸਨਮਾਨ ਸਮਾਰੋਹ ਵਿਚ ਇਹਨਾਂ ਵਿਚੋਂ ਇੱਕ ਪੁਸਤਕ ਨੂੰ 25 ਹਜ਼ਾਰ ਕੈਨੇਡੀਅਨ ਡਾਲਰ ਦਾ ਇਨਾਮ ਅਤੇ ਦੋਵਾਂ ਨੂੰ 10-10 ਹਜ਼ਾਰ ਕੈਨੇਡੀਅਨ ਡਾਲਰ ਦਾ ਢਾਹਾਂ ਸਾਹਿਤ ਇਨਾਮ ਬਹੁਤ ਸਤਿਕਾਰ ਸਹਿਤ ਭੇਟ ਕੀਤਾ ਜਾਵੇਗਾ । ਇਸ ਮੌਕੇ ਜੇਤੂ ਕਿਤਾਬਾਂ ਦੇ ਗੁਰਮੁਖੀ ਜਾਂ ਸ਼ਾਹਮੁਖੀ ਵਿੱਚ ਲਿਪੀਅੰਤਰਨ ਕਰਨ ਲਈ ਵੀ 6,000 ਕੈਨੇਡੀਅਨ ਡਾਲਰ ਦਾ ਸਨਮਾਨ ਭੇਟ ਕੀਤਾ ਜਾਵੇਗਾ।ਸ. ਬਰਜਿੰਦਰ ਸਿੰਘ ਢਾਹਾਂ ਨੇ ਗੱਲਬਾਤ ਕਰਦੇ ਕਿਹਾ ਕਿ ਢਾਹਾਂ ਸਾਹਿਤ ਇਨਾਮ ਦਾ ਉਦੇਸ਼ ਮਾਂ ਬੋਲੀ ਪੰਜਾਬੀ ਵਿਚ ਰਚੇ ਪੰਜਾਬੀ ਸਾਹਿਤ ਦਾ ਵਿਸ਼ਵ ਪੱਧਰ 'ਤੇ ਪ੍ਰਚਾਰ ਅਤੇ ਪਸਾਰ ਕਰਨਾ, ਪੰਜਾਬੀ ਗਲਪ ਦੀਆਂ ਨਵੀਆਂ ਉੱਤਮ ਰਚਨਾਵਾਂ ਲਈ ਪੰਜਾਬੀ ਪਾਠਕਾਂ ਨੂੰ ਪ੍ਰੇਰਿਤ ਕਰਨਾ, ਲੇਖਕਾਂ ਦੀ ਹੌਂਸਲਾ ਅਫ਼ਜ਼ਾਈ ਕਰਨੀ ਅਤੇ ਸਰਹੱਦੋਂ ਪਾਰ ਸੱਭਿਆਚਾਰਕ ਸਬੰਧਾਂ ਨੂੰ ਮਜ਼ਬੂਤ ਕਰਨਾ ਹੈ।ਇਸ ਦੇ ਇਨਾਮ ਦੇ ਜੇਤੂ ਜਿੱਥੇ ਪੰਜਾਬੀ ਸਾਹਿਤ ਜਗਤ ਦੇ ਉੱਚ ਕੋਟੀ ਨਾਵਲਕਾਰ ਅਤੇ ਕਹਾਣੀਕਾਰ ਹਨ, ਉੱਥੇ ਉਹਨਾਂ ਦੇ ਦੀਆਂ ਪੁਸਤਕਾਂ ਦੇ ਵਿਸ਼ੇ ਪੰਜਾਬੀ ਸਾਹਿਤ ਜਗਤ ਨੂੰ ਇਕ ਵਿੱਲਖਣ ਸੁਨੇਹਾ ਦਿੰਦੀਆਂ ਹਨ। ਸ. ਢਾਹਾਂ ਨੇ ਦੱਸਿਆ ਕਿ ਜਿਊਰੀ ਨੂੰ ਇਸ ਸਾਲ ਇਨਾਮ ਲਈ ਕੈਨੇਡਾ, ਭਾਰਤ ਪਾਕਿਸਤਾਨ, ਆਸਟ੍ਰੇਲੀਆ, ਅਮਰੀਕਾ ਅਤੇ ਯੂ.ਕੇ. ਤੋਂ 55 ਪੁਸਤਕਾਂ ਪ੍ਰਾਪਤ ਹੋਈਆਂ। ਸ. ਢਾਹਾਂ ਨੇ ਕਿਹਾ ਕਿ ਢਾਹਾਂ ਸਾਹਿਤ ਇਨਾਮ ਨੇ ਹੱਦਾਂ-ਸਰਹੱਦਾਂ ਤੋਂ ਉੱਪਰ ਉੱਠਕੇ ਗੁਰਮੁਖੀ ਅਤੇ ਸ਼ਾਹਮੁਖੀ ਦੋਵਾਂ ਲਿਪੀਆਂ ਵਿੱਚ ਪੰਜਾਬੀ ਸਾਹਿਤ ਦੇ ਸਥਾਪਿਤ ਅਤੇ ਨਵੇਂ ਲੇਖਕਾਂ ਨੂੰ ਉਤਸ਼ਾਹਿਤ ਕਰ ਰਿਹਾ ਹੈ ਤੇ ਦੋਵਾਂ ਪੰਜਾਬਾਂ ਵਿਚ ਸਾਂਝਾਂ ਦਾ ਪੁਲ ਬਣ ਰਿਹਾ ਹੈ।ਉਹਨਾਂ ਇਹ ਵੀ ਜਾਣਕਾਰੀ ਦਿੱਤੀ ਕਿ 13 ਨਵੰਬਰ ਨੂੰ ਹੋ ਰਹੇ ਸਨਮਾਨ ਸਮਾਰੋਹ ਵਿੱਚ ਪ੍ਰਸਿੱਧ ਕੈਨੇਡੀਅਨ ਨਾਵਲਕਾਰ ਗੁਰਜਿੰਦਰ ਬਸਰਾਨ ਮੁੱਖ ਬੁਲਾਰੇ ਵਜੋਂ ਸ਼ਾਮਲ ਹੋਣਗੇ ਅਤੇ ਇਸ ਮੌਕੇ ਕਲਾਕਾਰਾਂ ਵੱਲੋਂ ਸ਼ਾਨਦਾਰ ਸੰਗੀਤਕ ਪੇਸ਼ਕਾਰੀਆਂ ਵੀ ਹੋਣਗੀਆਂ ਢਾਹਾਂ ਇਨਾਮ ਸਲਾਹਕਾਰ ਕਮੇਟੀ ਦੇ ਚੇਅਰਮੈਨ ਸ੍ਰੀ ਬਲਬੀਰ। ਮਾਧੋਪੁਰੀ ਨੇ ਕਿਹਾ ਕਿ ਜਿਊਰੀ ਵੱਲੋਂ ਇਨਾਮਾਂ ਲਈ ਪ੍ਰਾਪਤ ਅਰਜ਼ੀਆਂ ਵਿੱਚੋਂ ਤਿੰਨ ਫਾਈਨਲਿਸਟਾਂ ਦੀ ਚੋਣ ਬਹੁਤ ਹੀ ਯੋਗ ਤੇ ਨਿਰਪੱਖ ਢੰਗ ਨਾਲ ਕੀਤੀ ਗਈ ਹੈ।ਸਨਮਾਨਿਤ ਪੁਸਤਕਾਂ ਦਾ ਐਲਾਨ ਕਰਨ ਮੌਕੇ ਹੋਏ ਸਮਾਗਮ ਦੇ ਮੁੱਖ ਮਹਿਮਾਨ ਕੈਨੇਡੀਅਨ ਸੈਨੇਟਰ ਬਲਤੇਜ ਸਿੰਘ ਢਿੱਲੋਂ ਸਨ।ਇਸ ਮੌਕੇ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਸ਼ਾਇਰ ਸ੍ਰੀ ਮੋਹਨ ਗਿੱਲ, ਸ੍ਰੀ ਅਜਮੇਰ ਰੋਡੇ, ਸ੍ਰੀ ਸਾਧੂ ਬਿਨਿੰਗ ਤੋਂ ਇਲਾਵਾ ਅਨੇਕਾਂ ਸਾਹਿਤ ਪ੍ਰੇਮੀ ਵੀ ਹਾਜ਼ਰ ਸਨ ।ਵਰਨਣਯੋਗ ਹੈ ਕਿ ਢਾਹਾਂ ਸਾਹਿਤ ਇਨਾਮ



Balbir Parwana, 'In the Time of Unrest'
Mudassar Bashir, 'Precarious Shelter'
Bhagwant Rasulpuri, 'Delivery Man'

ਵੈਨਕੂਵਰ, ਕੈਨੇਡਾ ਵਿਚ ਕੈਨੇਡਾ ਇੰਡੀਆ ਐਜੂਕੇਸ਼ਨ । ਸੋਸਾਇਟੀ ਦੁਆਰਾ ਦਿੱਤਾ ਜਾਂਦਾ ਹੈ ਅਤੇ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਦੇ ਡਿਪਾਰਟਮੈਂਟ ਜੋ ਆਫ ਏਸ਼ੀਅਨ ਸਟੱਡੀਜ਼ ਦੇ ਸਹਿਯੋਗ ਨਾਲ ਬਣਾਇਆ ਗਿਆ ਸੀ। ਇਸ ਇਨਾਮ ਦੇ ਬਾਨੀ ਸੰਸਥਾਪਕ ਸ. ਬਰਜਿੰਦਰ ਸਿੰਘ ਢਾਹਾਂ ਤੇ ਉਹਨਾਂ ਸੁਪਤਨੀ ਬੀਬੀ ਰੀਟਾ ਢਾਹਾਂ ਹਨ ਦੱਖਣ ਏਸ਼ਿਆਈ ਭਾਸ਼ਾਵਾਂ ਵਿੱਚੋਂ ਢਾਹਾਂ ਸਾਹਿਤ ਇਨਾਮ ਪੰਜਾਬੀ ਭਾਸ਼ਾ ਦੀ ਗੁਰਮੁਖੀ ਜਾਂ ਸ਼ਾਹਮੁਖੀ ਲਿਪੀ ਦੀਆਂ ਗਲਪ ਪੁਸਤਕਾਂ ਲਈ ਸਭ ਤੋਂ ਵੱਡਾ ਅੰਤਰਰਾਸ਼ਟਰੀ ਸਾਹਿਤਕ ਇਨਾਮ ਹੈ, ਜੋ ਵੈਨਕੂਵਰ, ਬ੍ਰਿਟਿਸ਼ ਕੋਲੰਬੀਆ ਵਿਖੇ ਸਾਲ 2013 ਵਿਚ ਸਥਾਪਿਤ ਕੀਤਾ ਗਿਆ ਸੀ, ਜਿੱਥੇ ਪੰਜਾਬੀ ਲੋਕਾਂ ਦਾ,ਪੰਜਾਬੀ ਭਾਸ਼ਾ ਦਾ ਅਤੇ ਪੰਜਾਬੀ ਸੱਭਿਆਚਾਰ ਦਾ ਇੱਕ ਅਮੀਰ ਇਤਿਹਾਸ ਹੈ । ਪੰਜਾਬੀ ਹੁਣ ਕੈਨੇਡਾ ਵਿੱਚ ਤੀਜੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ ਅਤੇ ਦੇਸ਼ ਦੇ ਬਹੁ-ਸੱਭਿਆਚਾਰ ਦਾ ਪ੍ਰਮੁੱਖ ਹਿੱਸਾ ਹੈ।

# ਬਰੈਂਪਟਨ ਵਿਚ ਭਾਰਤੀ ਨੌਜਵਾਨ ਦਾ ਗੋਲੀਆਂ ਮਾਰ ਕੇ ਕਤਲ, ਦੂਜਾ ਗੰਭੀਰ ਜ਼ਖ਼ਮੀ

ਟਰੰਟੋ:-ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿੱਚ ਅਣਪਛਾਤਿਆਂ ਨੇ ਘਰ ਵਿਚ ਦਾਖ਼ਲ ਹੋ ਕੇ ਭਾਰਤੀ ਮੂਲ ਦੇ ਨੌਜਵਾਨ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਹੈ। ਇਸ ਦੌਰਾਨ ਇੱਕ ਹੋਰ ਵਿਅਕਤੀ ਗੰਭੀਰ ਜ਼ਖ਼ਮੀ ਹੋ ਗਿਆ, ਜੋ ਹਸਪਤਾਲ ਵਿਚ ਜ਼ੇਰੇ ਇਲਾਜ ਹੈ। ਮਾਰੇ ਗਏ ਨੌਜਵਾਨ ਦੀ ਪਛਾਣ ਸੋਨੂੰ ਚੱਠਾ ਵਜੋਂ ਕੀਤੀ ਗਈ ਹੈ। ਜ਼ਖ਼ਮੀ ਹੋਇਆ ਵਿਅਕਤੀ ਵੀ ਭਾਰਤੀ ਹੈ, ਪਰ ਉਸ ਦੇ ਨਾਂਅ ਦੀ ਅਜੇ ਪੁਸ਼ਟੀ ਨਹੀਂ ਹੋਈ। ਉਧਰ ਘਟਨਾ ਤੋਂ ਕੁਝ ਘੰਟੇ ਬਾਅਦ ਬਿਸ਼ਨੋਈ ਗਰੁੱਪ ਵੱਲੋਂ ਇਸ ਕਤਲ ਦੀ ਜ਼ਿੰਮੇਵਾਰੀ ਲੈਣ ਦਾ ਦਾਅਵਾ ਕੀਤਾ ਗਿਆ ਹੈ, ਪਰ ਖ਼ਬਰ ਲਿਖੇ ਜਾਣ ਤੱਕ ਇਸ ਦੀ ਪੁਸ਼ਟੀ ਨਹੀਂ ਹੋ ਸਕੀ।ਪੁਲੀਸ ਮੁਤਾਬਕ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗੋਲੀਬਾਰੀ ਮਿੱਥ ਕੇ ਕੀਤੀ ਗਈ, ਜੋ ਦੋ ਧਿਰਾਂ ਦੀ ਆਪਸੀ ਰੰਜਿਸ਼ ਜਾਪਦੀ ਹੈ।


Our Package Starts from
$50 per month
ਪੰਜਾਬ ਗਾਰਡੀਅਨ
Call to Advertise
604.590.5200



ਗੁਰੂ ਨਾਨਕ ਗੁਰਸਿੱਖ ਗੁਰਦੁਆਰਾ
ਲਿੰਡਨ (ਬੈਲਿੰਗਹੈਮ), WA (ਯੂ.ਐਸ.ਏ) (USA)
176 E Pole Road / 6934 Meridian St Lynden, WA. 98264 (Bellingham)



22 ਅਗਸਤ ਦਿਨ ਸ਼ੁੱਕਰਵਾਰ ਸ. ਕੁਲਦੀਪ ਸਿੰਘ ਪਰਿਵਾਰ ਵੱਲੋਂ ਅਖੰਡਪਾਠ ਸਾਹਿਬ ਸਾਹਿਬ ਆਰੰਭ ਹੋਣਗੇ ਅਤੇ 24 ਅਗਸਤ ਦਿਨ ਐਤਵਾਰ ਸਵੇਰੇ ਭੋਗ ਪਾਏ ਜਾਣਗੇ ਅਤੇ ਲੰਗਰਾਂ ਦੀ ਸੇਵਾ ਹੋਵੇਗੀ।
24 ਅਗਸਤ ਦਿਨ ਐਤਵਾਰ ਹਫਤਾਵਾਰੀ ਦੀਵਾਨ ਸਜਣਗੇ
ਮੁੱਖ ਸੇਵਾਦਾਰ:ਪਰਮਜੀਤ ਸਿੰਘ ਕੁਲਾਰ: 360-733-6444, ਮੁੱਖ ਵਜ਼ੀਰ ਗਿਆਨੀ ਹਰੀ ਸਿੰਘ ਜੀ 360-398-1184
ਵੱਲੋਂ:ਗੁ. ਪ੍ਰਬੰਧਕ ਕਮੇਟੀ ਤੇ ਸਮੂੰਹ ਇਲਾਕਾ ਨਿਵਾਸੀ

# ਦੁਹਰਾਅ

ਕੁਹਾੜਾ ਅਤੇ ਦਸਤਾ ਪ੍ਰਚਲਤ ਕਹਾਣੀ ਹੈ ਕਿ ਮਰਾਸਣ ਦਾ ਮੁੰਡਾ ਕਹਿੰਦਾ ਮਾਂ ਜਦ ਅਪਣੇ ਪਿੰਡ ਵਾਲਾ ਨੰਬਰਦਾਰ ਮਰ ਗਿਆ ਤਾਂ ਅਗਲਾ ਕੌਣ ਹੋਊ, ਫਿਰ ਕਹਿੰਦਾ ਅਗਲਾ, ਫਿਰ ਅਗਲਾ ਤਾਂ ਮਾਂ ਅੱਕ ਕੇ ਕਹਿੰਦੀ ਪੁੱਤ ਭਵੇਂ ਸਾਰਾ ਪਿੰਡ ਮਰ ਜਾਏ  ਪਰ ਤੈਨੂੰ ਨੰਦਰਦਾਰੀ ਨਹੀ ਮਿਲਣੀ।

15 ਅਗਸੱਤ ਨੂੰ ਬਾਹਲੇ ਸਿੱਖਾਂ, ਜਿਹੜੇ 84 ਵੇਲੇ ਦੇ ਛਿੱਤਰ ਖਾਧੇ ਭੁੱਲ ਗਏ ਉਨੀ ਤਿਰੰਗਾ ਫੜਕੇ ਐਵੇਂ ਈ ਭੰਗੜੇ ਪਾਈ ਜਾਣੇ ਬਿਨਾ ਜਾਣੇ ਕਿ ਭਵੇਂ ਸਾਰਾ ਮੁਲਖ ਉੱਜੜ ਜਾਏ ਤੁਹਾਨੂੰ ਨੰਬਰਦਾਰੀ ਨਹੀ ਮਿਲਣੀ।

ਨੰਬਰਦਾਰੀ ਮਿਲੀ ਤਾਂ ਹੋਈ, ਇਹ ਬਹਿਸ ਇੱਕ ਵੇਰਾਂ ਇੱਕ ਸਥਾਨਕ ਰੇਡੀਓ ਉਪਰ ਚਲ ਰਹੀ ਸੀ। ਪ੍ਰਧਾਨ ਮੰਤਰੀ ਸਿੱਖਾਂ ਦਾ, ਫੌਜ ਦਾ ਵੱਡਾ ਜਰਨੈਲ ਸਿੱਖਾਂ ਦਾ, ਵੱਡੇ ਤਗੜੇ ਅਹੁਦਿਆਂ ਤੇ ਸਿੱਖ, ਰਾਸ਼ਟਰਪਤੀ ਸਿੱਖਾਂ ਦਾ ਰਹਿ ਚੁੱਕਾ ਯਾਣੀ ਸਿਖਰ ਦੇ ਅਹੁਦੇ ਉਪਰ ਤਾਂ ਇਨ੍ਹਾਂ ਦੀ ਮੁਸ਼ਕਲ ਕੀ ਕਿ ਇਹ ਹਾਲੇ ਵੀ ਮੁਲਖ ਤੋਂ ਸਤੁੰਸ਼ਟ ਨਹੀ ਨੇ। ਕਿਹੜੀ ਨੰਬਰਦਾਰੀ ਚਾਹੀਦੀ ਹੋਰ ਇਨ੍ਹਾਂ ਨੂੰ ਕਿ ਸਤੁੰਸ਼ਟ ਕਿਹਾ ਜਾ ਸਕੇ।

ਆਮ ਬੰਦੇ ਲਈ ਦਲੀਲ ਵੱਡੀ ਹੈ ਪਰ ਉਨ੍ਹਾਂ ਨੂੰ ਇਹ ਨਹੀ ਪਤਾ ਕਿ ਮੁਗਲਾਂ ਵੇਲੇ ਹਿੰਦੂ ਸਿਖਰ ਦੇ ਅਹੁਦਿਆਂ ਤੇ ਰਿਹਾ। ਬੀਰਬਲ, ਚੰਦੂ,  ਸੁੱਚਾ ਨੰਦ, ਲੱਖਪਤ, ਜੱਸਪਤ, ਵੱਡੇ ਰਾਜ ਘਰਾਣੇ, ਸਭ ਦੀ ਮੁਗਲਾਂ ਨਾਲ ਇੱਕ ਸੁਰ। ਪਰ ਮੁਗਲ ਫਿਰ ਵੀ ਹਿੰਦੂ ਦੇ ਮੂੰਹ ਤੇ ਥੁੱਕਦਾ ਰਿਹਾ, ਕੁੱਟਦਾ ਰਿਹਾ, ਉਸ ਦਾ ਜਨੇਊ ਲਾਹੁੰਦਾ ਰਿਹਾ, ਉਸ ਦੀ ਗਾਂ ਉਪਰ ਟੈਕਸ ਲਾਉਂਦਾ ਰਿਹਾ ਅਤੇ ਉਸ ਦੀ ਜਿੰਦਗੀ ਨਰਕ ਕਰ ਛੱਡੀ ਉਸ ਜੁਲਮ ਕਰ ਕਰ। ਪਰ ਉਹ ਉੱਚੇ ਅਹੁਦਿਆਂ ਵਾਲੇ, ਨੰਬਰਦਾਰੀਆਂ ਵਾਲੇ?

ਚੇਤੇ ਰਹੇ ਕਿ ਜੰਗਲ ਵੱਢਣ ਲਈ ਕੁਹਾੜੇ ਦਾ ਦਸਤਾ ਜੰਗਲ ਵਿਚੋਂ ਹੀ ਲੈਣਾ ਪੈਂਦਾ ਹੈ। ਤੁਸੀਂ ਦਸਤਿਆਂ ਦੇ ਅਹੁਦਿਆਂ ਨੂੰ ਅਜਾਦੀ ਕਹਿੰਨੇ?

ਖੁਦ ਮੁਗਲਾਂ ਅਤੇ ਅੰਗਰੇਜਾਂ ਦੇ ਦਸਤੇ ਰਹਿ ਚੁੱਕਿਆਂ ਨੂੰ ਪਤੈ ਦਸਤਾ ਕੀ ਹੁੰਦਾ, ਇਹ ਵੀ ਕਿ ਦੁਨੀਆਂ ਦੀਆਂ ਹਕੂਮਤਾ ਦਸਤੇ ਵਰਤਦੀਆਂ ਆਈਆਂ। ਦਸਤੇ ਤੋਂ ਬਿਨਾ ਕੁਹਾੜਾ ਚਲ ਹੀ ਨਹੀ ਸਕਦਾ। ਬੇਕਾਰ ਐ ਬਿਨਾ ਦਸਤੇ ਕੁਹਾੜਾ। ਅੰਗਰੇਜਾਂ ਦਾ ਵੱਡਾ ਦਸਤਾ ਗਾਂਧੀ ਨਹੀ ਸੀ ਤਾਂ ਦਸੋ। ਜਿਥੇ ਵੱਡੀ ਬਗਾਵਤ ਉੱਠਣ ਦੀ ਸੰਭਾਵਨਾ ਹੁੰਦੀ ਗਾਂਧੀ ਮੂਹਰੇ। ਜਿਥੇ ਗੱਲ ਅੰਗਰੇਜਾਂ ਦੇ ਵਿਰੁਧ ਜਾਂਦੀ ਗਾਂਧੀ ਮੂਹਰੇ। ਗਾਂਧੀ ਜਿੰਨਾ ਵੱਡਾ ਦਸਤਾ ਕਿਹੜਾ ਸੀ ਅੰਗਰੇਜਾਂ ਦਾ ਪਰ ਇਤਿਹਾਸ ਵਾਲਿਆਂ ਉਸ ਦਾ ਵੀ ਮਿਥਹਾਸ ਕਰ ਮਾਰਿਆ ਯਾਣੀ ਦਸਤੇ ਨੂੰ ਹੀ ਰਾਸ਼ਟਰ ਦਾ ਬਾਪੂ ਬਣਾ ਕਢਿਆ।

ਪਰ ਇੱਕ ਗੱਲ ਆਹਾ ਦਸਤਿਆਂ ਦੀ ਸਮਝ ਨਹੀ ਆਈ ਕਿ ਪੰਜਾਬ ਦੇ ਕਾਮਰੇਡ ਇੱਕ ਬੰਨੇ ਭਗਤ ਸਿੰਘ ਦੇ ਯਾਰ ਦੂਜੇ ਗਾਂਧੀ ਦੀ ਬੱਕਰੀ ਦੇ ਭਗਤ ਯਾਣੀ ਗਾਂਧੀ ਵਾਲੇ ਸਿਸਟਮ ਦੇ ਮੋਹਰੇ। ਪੱਕੇ ਦੇਸ਼ ਭਗਤ। ਜਦ ਕਿ ਪਤੈ ਕਿ ਏਹਾ ਅਜਾਦੀ ਵਜਾਦੀ ਕੋਈ ਨਹੀ ਬਲਕਿ ਸਮਝੌਤਾ ਸੀ। ਅਜਾਦੀ ਲੈਣ ਵਾਲੇ ਤਾਂ ਪਹਿਲਾਂ ਹੀ ਫਾਹੇ ਟੰਗ ਮਾਰੇ ਸਨ ਬਾਕੀ ਤਾਂ ਸਮਝੌਤਾ ਹੀ ਬਚਦਾ ਸੀ। ਲੋਕ ਵਿਚਾਰੇ ਚਾਅ ਵਿਚ ਮਾਰੇ ਗਏ ਕਿ ਅੰਗਰੇਜ ਚਲੇ ਗਏ।

ਥੋੜਾ ਪਿੱਛੇ ਜਾਓ। ਅਬਦਾਲੀ ਜਾਪਦਾ ਸੀ ਲੁੱਟ ਕੇ ਕਾਬਲ ਮੁੜ ਜਾਂਦਾ ਹੈ ਪਰ ਉਹ ਮੁੜਿਆ ਹੀ ਕਦ ਸੀ। ਇਥੇ ਦੇ ਹੀ ਚਾਪਲੂਸ ਤਖਤ ਤੇ ਬਿਠਾ ਜਾਂਦਾ ਸੀ। ਯਾਣੀ ਜੰਗਲ ਵਿਚੋਂ ਹੀ ਵੱਢੇ ਦਸਤੇ! ਐਵੇਂ ਜਾਪੀ ਜਾਂਦਾ ਅੰਗਰੇਜ ਮੁਲਖ ਛਡ ਗਿਆ। ਗਾਂਧੀ ਨਹਿਰੂ ਵਰਗਿਆਂ ਦੇ ਹੁੰਦੇ ਅੰਗਰੇਜ ਦੀ ਉਥੇ ਬੈਠੇ ਰਹਿਣ ਦੀ ਕੀ ਤੁੱਕ ਸੀ। ਕੌਣ ਕਹਿੰਦਾ ੧੫ ਅਗੱਸਤ ਨੂੰ ਹਿੰਦੋਸਤਾਨ ਅਜਾਦ ਹੋਇਆ। ਤੇ ਕਿੰਨੇ ਲੋਕ ਸੋਚਦੇ ਕਿ ਕਾਸ਼ ਅੱਜ ਅੰਗਰੇਜ ਹੀ ਹੁੰਦਾ ਘੱਟੋ ਘੱਟ ਜਿੰਦਗੀ ਇਨੀ ਬਦਤਰ ਤਾਂ ਨਾ ਹੁੰਦੀ। ਤੇ ਤੁਹਾਨੂੰ ਕੀ ਜਾਪਦਾ ਹੁੰਦੀ?

ਤਿਰੰਗਾ ਚੁੱਕੀ ਫਿਰਨ ਵਾਲੇ ਘੱਟੋ ਘੱਟ ਪੰਜਾਬ ਵਾਲੇ ਤਾਂ ਸੋਚਣ ਕਿ ਤਿਰੰਗੇ ਦੇ ਰੰਗ ਜੇ ਇਨੇ ਹੀ ਜਾਨਦਾਰ ਯਾਣੀ ਗੂੜ੍ਹੇ ਹੁੰਦੇ ਤਾਂ ਸਾਨੂੰ ਪੁੱਠੇ ਸਿੱਧੇ ਤਰੀਕੇ ਅੱਜ ਅੰਗਰੇਜਾਂ ਮਗਰ ਹੀ ਦੌੜਨ ਦੀ ਲੋੜ ਕਿਉਂ ਪੈਂਦੀ ਜਿੰਨਾ ਨੂੰ ਅਸੀਂ ਕਹਿੰਦੇ ਆ ਰਹੇਂ ਕਿ ਕੱਢ ਦਿੱਤੇ ਅੰਗਰੇਜ।

**-ਗੁਰਦੇਵ ਸਿੰਘ ਸੱਧੇਵਾਲੀਆ**

ਆਪਣੇ ਵਪਾਰ ਦੇ ਵਾਧੇ ਲਈ
ਇਸ਼ਤਿਹਾਰ ਪਾਉਣ ਲਈ ਫੋਨ
ਕਰੋ:604-590-5200

# ਕੁੱਤੇ ਸਾਥੋਂ ਉੱਤੇ

ਸਿੱਖੀ ਦਾ ਮੂਲ ਆਧਾਰ ਸਰਬੱਤ ਦਾ ਭਲਾ ਹੈ । ਸਿੱਖ ਕਾਦਰ ਦੀ ਕੁਦਰਤ ਦੀ ਸਲਾਮਤੀ ਦਾ ਮੁਦਈ ਹੈ। ਕੁਦਰਤ ਦਾ ਹਿੱਸਾ ਜਿੱਥੇ ਇਨਸਾਨ ਹਨ, ਉੱਥੇ ਪਸ਼ੂ,ਪੰਛੀ, ਜੀਵ ਜੰਤੂ ਅਤੇ ਬਨਸਪਤੀ ਵੀ ਅਹਿਮ ਹਿੱਸਾ ਹੈ। ਇਹਨਾਂ ਵਿੱਚ ਹੀ ਕੁੱਤੇ ਵੀ ਆਉਂਦੇ ਹਨ। ਕੁੱਤੇ ਦੀ ਵਫਾਦਾਰੀ ਅਤੇ ਪਿਆਰ ਦਾ ਜਿਕਰ ਗੁਰਬਾਣੀ ਵਿੱਚ ਵੀ ਹੈ। ਅੱਜ ਬਹੁਤ ਸਾਰੇ ਕੁੱਤੇ ਫੌਜ, ਪੁਲਿਸ ਅਤੇ ਹੋਰ ਏਜੰਸੀਆਂ ਵਿੱਚ ਸੇਵਾਵਾਂ ਨਿਭਾਅ ਰਹੇ ਹਨ ਅਤੇ ਮਨੁੱਖੀ ਪਹੁੰਚ ਤੋਂ ਬਾਹਰਲੇ ਕਾਰਜ ਵੀ ਬਾਖੂਬੀ ਕਰਦੇ ਹਨ।

ਧਾਰਮਿਕ ਵਿਸ਼ਵਾਸਾਂ ਵਿੱਚ ਕੁੱਤਿਆਂ ਨੂੰ ਦਰਵੇਸ਼ ਆਖ ਕੇ ਪੂਜਾ ਵੀ ਕੀਤੀ ਜਾਂਦੀ ਹੈ ਅਤੇ ਕੁੱਤੇ ਨੂੰ ਖੁਰਾਕ ਦੇਣੀ ਬੜਾ ਸ਼ੁਭ ਸਮਝਿਆ ਜਾਂਦਾ ਹੈ। ਦੂਜੇ ਪਾਸੇ ਲੱਖਾਂ ਦੀ ਗਿਣਤੀ ਵਿੱਚ ਅਵਾਰਾ ਕੁੱਤੇ ਹਨ। ਜਿਹੜੇ ਸੜਕਾਂ ਤੇ ਹਾਦਸਿਆਂ ਦਾ ਕਾਰਨ ਬਣਦੇ ਹਨ ਅਤੇ ਹਰ ਸਾਲ ਲੱਖਾਂ ਲੋਕਾਂ ਅਤੇ ਪਸ਼ੂਆਂ ਨੂੰ ਇਹ ਅਵਾਰਾ ਕੁੱਤੇ ਵੱਢਦੇ ਵੀ ਹਨ। ਜਿਸ ਨਾਲ ਹਲਕਾਅ ਹੋ ਜਾਣ ਕਰਕੇ ਮੌਤਾਂ ਵੀ ਹੁੰਦੀਆਂ ਹਨ। ਸਕੂਲ ਜਾਂਦੇ ਮਸੂਮ ਬੱਚਿਆਂ ਅਤੇ ਬਜ਼ੁਰਗਾਂ ਨੂੰ ਨੋਚਣ ਦੀਆਂ ਅਨੇਕਾਂ ਦਰਦਨਾਕ ਘਟਨਾਵਾਂ ਸਾਹਮਣੇ ਆਉਂਦੀਆਂ ਹਨ।

ਕੁੱਤੇ ਦੁਸ਼ਮਣ ਹਨ ਜਾਂ ਦੋਸਤ ਇਸ ਮੁੱਦੇ ਨੂੰ ਲੈਕੇ ਸਮਾਜ ਵੰਡਿਆ ਗਿਆ ਹੈ। ਮਸਲਾ ਸੁਪਰੀਮ ਕੋਰਟ ਤੱਕ ਪਹੁੰਚ ਗਿਆ। ਕੁੱਤਿਆਂ ਨੂੰ ਪਿਆਰ ਕਰਨ ਵਾਲੇ ਅਤੇ ਕੁੱਤਿਆਂ ਤੋਂ ਪੀੜਤ ਆਹਮੋ ਸਾਹਮਣੇ ਹਨ। ਇਸ ਵਿੱਚ ਵੱਡੀਆਂ ਦਲੀਲਾਂ ਹਨ ਕਿ ਅਵਾਰਾ ਕੁੱਤਿਆਂ ਦੀ ਜਬਰਨ ਥਾਂ ਬਦਲੀ ਨਹੀਂ ਕੀਤੀ ਜਾ ਸਕਦੀ ਅਤੇ ਨਾ ਹੀ ਉਹਨਾਂ ਨੂੰ ਖਾਧ ਖੁਰਾਕ ਪਾਉਣ ਤੋਂ ਰੋਕਿਆ ਜਾ ਸਕਦਾ ਹੈ। ਇਹ ਵੇਖ ਕੇ ਮਨ ਬਹੁਤ ਖੁਸ਼ ਹੋਇਆ ਕਿ ਕਿੱਡੀ ਵੱਡੀ ਜਾਗ੍ਰਿਤੀ ਆ ਗਈ ਹੈ ਕਿ ਅਸੀਂ ਕੁਦਰਤ ਨੂੰ ਸਮਝਣ ਅਤੇ ਪਿਆਰ ਕਰਨ ਲੱਗ ਪਏ ਹਾਂ।

ਪ੍ਰੰਤੂ ਜਦੋਂ ਦਿੱਲੀ ਸਮੇਤ ਪੂਰੇ ਭਾਰਤ ਵਿੱਚ ਸਿੱਖਾਂ ਦੇ ਗਲਾਂ ਵਿੱਚ ਟਾਇਰ ਪਾ ਕੇ ਸਾੜਨ ਦਾ ਦ੍ਰਿਸ਼ ਯਾਦ ਆਉਂਦਾ ਹੈ ਜਾਂ ਪੰਜਾਬ ਵਿੱਚ ਅੱਤਵਾਦੀ ਕਹਿ ਕਹਿ ਕੇ ਸਿੱਖਾਂ ਦੇ ਨਾਬਾਲਗ ਬੱਚੇ ਝੂਠੇ ਪੁਲਿਸ ਮੁਕਾਬਲੇ ਵਿੱਚ ਮਾਰੇ ਜਾਣ ਦੀ ਗੱਲ ਸਾਹਮਣੇ ਆਉਂਦੀ ਹੈ ਜਾਂ ਭਾਈ

ਜਸਵੰਤ ਸਿੰਘ ਖਾਲੜਾ ਵੱਲੋਂ ਨਿਸ਼ਾਨਦੇਹੀ ਕੀਤੀਆਂ ਪੰਝੀ ਹਜਾਰ ਲਾਸ਼ਾਂ ਦਾ ਚੇਤਾ ਆਉਂਦਾ ਹੈ ਜਾਂ ਗੋਦਰਾ ਗੁਜਰਾਤ ਵਿੱਚ ਹਜਾਰਾਂ ਮੁਸਲਮਾਨਾਂ ਦੇ ਢਿੱਡ ਚਾਕ ਕਰਨ ਦੀ ਗੱਲ ਸਾਹਮਣੇ ਆਉਂਦੀ ਹੈ ਜਾਂ ਫਿਰ ਕਸ਼ਮੀਰ ਅਤੇ ਮਣੀਪੁਰ ਦੇ ਗਲੀਆਂ ਬਾਜਾਰਾਂ ਵਿੱਚੋਂ ਫਿਰਕੂ ਅੱਗ ਦੀਆਂ ਲਾਟਾਂ ਵਿੱਚ ਭੁੱਜਦੇ ਲੋਕ ਨਜ਼ਰ ਆਉਂਦੇ ਹਨ ਤਾਂ ਹਿਰਦਾ ਪਸੀਜ ਜਾਂਦਾ ਹੈ।

ਚੰਗੀ ਗੱਲ ਹੈ ਸਾਨੂੰ ਬੇਜੁਬਾਨਾਂ ਦੀ ਵਫਾਦਾਰੀ ਕਰਕੇ ਤਰਸ ਆਉਂਦਾ ਹੈ ਕਿ ਉਹਨਾਂ ਦੇ ਨਾਲ ਅਨਿਆ ਨਾ ਹੋਵੇ। ਪ੍ਰੰਤੂ ਭਾਰਤ ਨਾਲ ਸਿੱਖਾਂ ਤੋਂ ਵੱਧ ਕੇ ਵਫਾਦਾਰੀ ਕਿਸ ਦੀ ਹੈ। ਜਿਹਨਾਂ ਨੇ ਆਪਣੇ ਸਿੱਖ ਰਾਜ ਦੇ ਦੋ ਟੁਕੜੇ ਕਰਵਾ ਲਏ, ਨਨਕਾਣਾ ਸਾਹਿਬ ਸਮੇਤ ਅਨੇਕਾਂ ਗੁਰਦੁਆਰਿਆਂ ਦੇ ਦਰਸ਼ਨ ਤੋਂ ਵਾਂਝੇ ਹੋ ਗਏ, ਘਰਘਾਟ ਜਮੀਨਾਂ ਜਾਇਦਾਦਾਂ ਛੱਡ ਕੇ ਭਾਰਤ ਦੀ ਆਜ਼ਾਦੀ ਲਈ 90 ਫੀਸਦੀ ਕੁਰਬਾਨੀਆਂ ਕਰਕੇ ਭਾਰਤ ਨਾਲ ਕਿਸਮਤ ਜੋੜ ਬੈਠੇ।

ਪ੍ਰੰਤੂ ਸਿੱਖਾਂ ਦੀ ਵਫਾਦਾਰੀ ਦਾ ਕਿਸੇ ਨੇ ਸਿਲਾ ਤਾਂ ਕੀ ਦੇਣਾ ਸੀ ਸਗੋਂ ਸਿੱਖਾਂ ਦੇ ਬੁਨਿਆਦੀ ਹੱਕ ਵੀ ਖੋਹ ਲਏ। ਸਾਡੀ ਜੂਨ ਕੁੱਤਿਆਂ ਤੋਂ ਵੀ ਬੁਰੀ ਹੋ ਗਈ।ਅੱਜ ਕੁੱਤਿਆਂ ਤੇ ਮੁਸੀਬਤ ਬਣੀ ਹੈ ਤਾਂ ਪੂਰੇ ਭਾਰਤ ਦੀ ਸਿਆਸਤ, ਸਰਵਉਚ ਅਦਾਲਤ ਸੁਪਰੀਮ ਕੋਰਟ, ਸਮਾਜ ਸੇਵੀ ਸੰਸਥਾਵਾਂ ਉੱਠ ਖੜ੍ਹੀਆਂ ਹੋਈਆਂ ਹਨ। ਪ੍ਰੰਤੂ ਸਿੱਖ 75 ਸਾਲਾਂ ਤੋਂ ਰੁਲ ਰਹੇ ਹਨ। ਹੋਰ ਘੱਟ ਗਿਣਤੀਆਂ ਵੀ ਪੀੜਤ ਹਨ।ਮਨੁੱਖਾਂ ਨੂੰ ਇਨਸਾਫ ਕਿਉਂ ਨਹੀਂ ਮਿਲ ਰਿਹਾਕੁੱਤਿਆਂ ਲਈ ਤਾਂ ਕਾਫੀ ਲੋਕ ਉੱਠ ਖੜੇ ਹੋਏ ਹਨ, ਮੁਬਾਰਕ ਹੈ।ਦੇਸ਼ ਦੇ ਵੱਡੇ ਨਿਊਜ਼ ਚੈਨਲ ਕੁੱਤਿਆਂ ਦੇ ਮਸਲੇ ਤੇ ਸਾਰਾ ਸਾਰਾ ਦਿਨ ਪਰੋਗਰਾਮ ਦਿਖਾ ਰਹੇ ਹਨ । ਗੰਦੀ ਮੀਡੀਆ ਬਹਿਸ ਕਰਵਾ ਰਿਹਾ ਹੈ। ਅਸੀਂ ਵੀ ਚਾਹੁੰਦੇ ਹਾਂ ਕਿਸੇ ਨਾਲ ਧੱਕਾ ਨਾ ਹੋਵੇ। ਕਿਸੇ ਦੇ ਹੱਕ ਨਾ ਖੋਹੇ ਜਾਣ। ਘੱਟੋ ਘੱਟ ਜਿਉਂਦੇ ਰਹਿਣ ਦਾ ਹੱਕ ਤਾਂ ਸਭ ਨੂੰ ਮਿਲਣਾ ਚਾਹੀਦਾ ਹੈ। ਪ੍ਰੰਤੂ ਸਾਡਾ ਸ਼ਿਕਾਰ ਕਰਨ ਲਈ ਤਾਂ ਵਿਦੇਸ਼ੀ ਧਰਤੀ ਤੱਕ ਵਾਰ ਹੋ ਰਹੇ ਹਨ। ਕੀ ਕਸੂਰ ਹੋ ਗਿਆ ਸਾਡੇ ਕੋਲੋਂ ਕਿ ਅੱਜ ਸਾਡੀ ਕੁੱਤਿਆਂ ਜਿੰਨੀ ਵੀ ਕਦਰ ਨਹੀਂ 7 ਅਜਾਦੀ ਜਸ਼ਨਾਂ ਵਿੱਚ ਸਿੱਖ ਲਈ ਛੋਟੀ ਕ੍ਰਿਪਾਨ ਪਹਿਨਕੇ ਜਾਣ ਦੀ ਇਜਾਜ਼ਤ ਨਹੀਂ ਬੇਸ਼ੱਕ ਉਸ ਨੂੰ ਸੱਦਾ ਦੇਕੇ ਹੀ ਕਿਉਂ ਨਾ ਬੁਲਾਇਆ ਹੋਵੇ। ਇਸ ਸਿਆਸਤ ਨੇ, ਇਹਨਾਂ ਅਦਾਲਤਾਂ ਨੇ, ਗੰਦੀ ਮੀਡੀਆ ਨੇ ਕਦੇ ਸਿੱਖਾਂ ਜਾਂ ਹੋਰ ਘੱਟਗਿਣਤੀਆਂ ਨਾਲ ਹੁੰਦੇ ਅਨਿਆਂ, ਜਬਰ ਜਾਂ ਵਿਤਕਰਿਆਂ ਤੇ ਬਹਿਸ ਕਿਉਂ ਨਹੀਂ ਕਰਵਾਈ ? ਹੁਣ ਇਹ ਆਖਣਾ ਕੋਈ ਗਲਤ ਨਹੀਂ ਹੋਵੇਗਾ ਕਿ " ਕੁੱਤੇ ਵੀ ਸਾਥੋਂ ਉੱਤੇ"।

**– ਗੁਰਿੰਦਰਪਾਲ ਸਿੰਘ ਧਨੌਲਾ**

ਸਿੰਘ ਸਭਾ ਗੁਰਦੁਆਰਾ
591 Telegraph Rd, Bellingham WA 98226




24 ਅਗਸਤ ਦਿਨ ਐਤਵਾਰ ਸੁਖਮਨੀ ਸਾਹਿਬ ਦੇ ਪਾਠ
ਕੀਰਤਨ ਅਤੇ ਲੰਗਰਾਂ ਦੀ ਸੇਵਾ ਸ. ਮੁਖਤਿਆਰ ਸਿੰਘ ਸੰਧਰ ਪਰਿਵਾਰ ਵੱਲੋਂ ਹੋਵੇਗੀ
ਸਵੇਰੇ 9 ਵਜੇ ਤੋਂ 10.30 ਵਜੇ ਤੱਕ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਉਪਰੰਤ ਕੀਰਤਨ ਦਰਬਾਰ ਸਜਣਗੇ।
ਅੰਮ੍ਰਿਤ ਵੇਲੇ ਦਾ ਸਮਾਂ: ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 5 ਵਜੇ  ਨਿਤਨੇਮ 5:15 -6:15 ਵਜੇ ਤੱਕ  ਆਸਾ ਦੀ ਵਾਰ 6:15-7:00 ਵਜੇ ਤੱਕ
ਸ਼ਾਮ ਦਾ ਨਿਤਨੇਮ: ਸ਼ਾਮ 6 ਵਜੇ ਤੋਂ 7 ਵਜੇ ਤੱਕ
ਰਾਗੀ ਜਥਾ:ਭਾਈ ਸਵਰਨ ਸਿੰਘ ਮਿੱਠਾ ਟਿਵਾਣਾ 360-961-6316
ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰ ਸਕਦੇ ਹੋ:360-306-8719

## Over 30 Years of Industry Experience

# MULTANI LAW GROUP

ਆਪਣੀ ਪ੍ਰੇਸ਼ਾਨੀ ਨੂੰ ਘਟਾਉਣ, ਆਪਣਾ ਹੱਕ ਲੈਣ ਅਤੇ ਆਪਣੀ ਜ਼ਿੰਦਗੀ ਨੂੰ
ਸਹੀ ਰਸਤੇ ਤੇ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ



Gerald F. Robison
Senior Attorney

MULTANI LAW GROUP

**Jashan Multani**

**206-243-4219**



Jashan Multani
Associate Partner

## ਅਸੀਂ ਭਰੋਸੇਯੋਗ ਕਾਨੂੰਨੀ ਸਲਾਹ ਪ੍ਰਦਾਨ ਕਰਦੇ ਹਾਂ

**Services we provide:**

- Immigration/Political Asylum U-Visa, Vawa,
- SIJ Guardianship Cases
- Car Accidents/Personal Injury
- Evictions

**ਅਸੀਂ ਇਹ ਸੇਵਾਵਾਂ ਪ੍ਰਦਾਨ ਕਰਦੇ ਹਾਂ**

- ਇੰਮੀਗਰੇਸ਼ਨ/ਪੁਲਿਟੀਕਲ ਅਸਾਈਲਮ, ਯੂ-ਵੀਜਾ, ਵਾਅਵਾ,
- SIJ ਗਾਰਡੀਅਨਸ਼ਿਪ ਕੇਸ
- ਕਾਰ ਐਕਸੀਡੈਂਟ/ਪ੍ਰਸਨਲ ਇਨਜਰੀ
- ਕਿਰਾਏਦਾਰ ਕੱਢਣਾ

**Website:multanilawgroup.com**

**Email:Jashan@multanilawgroup.com**

***Add: 512 West Meeker St, Kent, WA 98032***


ਸਿਆਟਲ ਨਿਵਾਸੀਆਂ ਦਾ ਜਾਣਿਆਂ ਪਹਿਚਾਣਿਆਂ ਤੇ ਭਰੋਸੇਮੰਦ
USA TRAVEL
FLY from Seattle to India
We Represent All Major Airlines
TURKISH AIRLINES
QATAR AIRWAYS القطرية
DELTA
Emirates
Lufthansa
Lowest Fare Guaranteed
We will beat any fare given in Kent/Seattle Area by Any Travel Agency
24 Hr Emergency
Call Amit Juneja: 206-992-2724
India Special FARES
USA Travel Services is your one-stop shop for all of your travel needs.
Now 2 Locations To Serve You
23609 104th Ave SE #101, Kent WA 98031
Ph: 253-867-0450 | 253-867-0451
1729 208th St Suite #202, Bothell WA 98012
Ph: 425-420-1888 | 425-420-1889
Email: info@usatravelguru.com
Website: www.usatravelguru.com
• Power of Attorney,
• Affidavits, Passports,
• Renunciations
• OCI • Notary Public •
• Translation - Hindi / Punjabi
• Uk & India Online Visa Available
• ਮੁਖਤਿਆਰਨਾਮਾ,
• ਐਫੀਡੈਵਿਟ, ਪਾਸਪੋਰਟ,
• ਓ.ਸੀ.ਆਈ.
• ਨੋਟਰੀ ਪਬਲਿਕ
• ਪੰਜਾਬੀ ਇੰਗਲਿਸ਼ ਦੀ ਟ੍ਰਾਂਸਲੇਸ਼ਨ
• ਇੰਡੀਆ ਦਾ ਵੀਜ਼ਾ
ਅਤੇ ਪਾਸਪੋਰਟ ਬਣਵਾਉ





OPEN 6 DAYS A WEEK,
TUESDAY CLOSED


OPENING HOURS
Lunch hours from 11am -2:30pm
Dinner Hours from 5pm-9pm, Last Seating is 8:30pm

The Only True Punjabi (Indian) Vegetarian In Renton

← New Pabla Ready To Eat Frozen Cuisine Available →
Renton Location has Full Grocery Store & Sweet Shop
East Indian Spices, Dairy Products,



ਤੁਸੀਂ ਇਥੋਂ ਤਾਜਾ ਸਵਾਦਲੀਆਂ ਮਠਿਆਈਆਂ ਖਰੀਦ ਸਕਦੇ ਹੋ



ਪਾਬਲਾ ਇੰਡੀਅਨ ਕੁਜ਼ੀਨ ਦੀ ਰੈਂਟਨ ਵਾਲੀ ਲੋਕੇਸ਼ਨ ਤੋਂ ਤੁਸੀਂ ਹਰ ਤਰ੍ਹਾਂ ਦੀ ਭਾਰਤੀ ਗਰੌਸਰੀ, ਮਿਠਾਈ, ਇੰਡੀਅਨ ਮਸਾਲੇ ਡੇਅਰੀ ਲੈ ਸਕਦੇ ਹੋ।

# Pabla Indian Cuisine

Phone: 425-228-4625
Fax: 425-228-4629
Serving Washington for 27 years.
www.pablacuisine.com
pablacuisine@gmail.com




# PABLA PUNJABI PALACE

2nd Location Now Open in Federal Way, WA
2020 S 314th St, Federal Way, WA 98003 (Hillside Plaza)
• Marriage Parties • Birthday Parties • Mehndi Parties • Business Meetings • Any Kind Of Functions

Specials: Take out 7 Days a week
DJ, Dance Floor, Catering for
All Occasions, Big TV Screens & Family Atmosphere

Seating for 1200 people



ਹੁਣ ਤੁਸੀਂ ਇਸ ਲੋਕੇਸ਼ਨ ਤੋਂ ਇੰਡੀਅਨ ਗਰੌਸਰੀ ਅਤੇ ਮਠਿਆਈਆਂ ਵੀ ਲੈ ਸਕਦੇ ਹੋ

For booking your event Please call Jas pabla At
Ph: 206-769-5559
Email: pablajas@yahoo.com



# PIZZA STATION

15300 33rd Ave S. Suite130, Seatac WA

10% Off All Orders

ਇਥੋਂ ਤੁਸੀਂ ਤਾਜੇ ਅਦਰਕ ਧਨੀਏ ਵਾਲੇ ਪੀਜੇ ਦੇ ਨਾਲ-ਨਾਲ ਭਾਰਤੀ ਗਰੌਸਰੀ ਵੀ ਬਹੁਤ ਘੱਟ ਕੀਮਤਾਂ ਤੇ ਖਰੀਦ ਸਕਦੇ ਹੋ।



PH:206-644-4133

Sun to Thurs: 10 am-10 pm
Fri/Sat: 10 am to 11pm
Email:info@pizzastationwa.com



# Space Available for your Ad

ਪੰਜਾਬ ਗਾਰਡੀਅਨ ਨਾਲ
ਐਡ ਪਾਉ ਅਤੇ ਆਪਣਾ
ਬਿਜ਼ਨਸ ਵਧਾਓ



ਪੰਜਾਬ ਗਾਰਡੀਅਨ
PUNJAB GUARDIAN
www.punjabguardian.com

Call to Advertise 604-590-5200



# Boulevard Market



ਇੰਡੀਅਨ ਗਰੌਸਰੀ ਅਤੇ ਤਾਜੀਆਂ ਸਬਜੀਆਂ/ਫਲਾਂ ਦਾ ਸਟੋਰ ਜਿੱਥੋਂ ਤੁਸੀਂ ਸਭ ਤੋਂ ਘੱਟ ਕੀਮਤਾਂ ਤੇ ਬਹੁਤ ਹੀ ਸਾਫ ਸੁਥਰੀਆਂ ਦਾਲਾਂ ਅਤੇ ਤਾਜੀਆਂ ਸਬਜੀਆਂ, ਹਰ ਪ੍ਰਕਾਰ ਦੀ ਗਰੌਸਰੀ ਖਰੀਦ ਸਕਦੇ ਹੋ, ਸਬਜੀਆਂ ਤੇ ਫਲ ਫਰੂਟ ਹਰ ਰੋਜ ਤਾਜੇ ਮੰਗਵਾਏ ਜਾਂਦੇ ਹਨ।

Opening Hours: 9 am to 9 pm (7Days Week)

PH:206-644-4010



# TEAM ARMY

## REAL ESTATE

Specialties:Buyers's Agent
Listing Agent-Short Sale
*RESIDENTIAL *COMMERCIAL

ਕਿਸੇ ਵੀ ਤਰ੍ਹਾਂ ਦੀ ਕਮਰਸ਼ੀਅਲ ਜਾਂ ਰੈਜੀਡੈਂਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਹਮੇਸ਼ਾਂ ਯਾਦ ਰੱਖੋ।

## MORTGAGE

Specialties:Loan Specialist
Many Financing Options Available
*RESIDENTIAL *COMMERCIAL

ਕਿਸੇ ਵੀ ਤਰ੍ਹਾਂ ਦੀ ਕਮਰਸ਼ੀਅਲ ਜਾਂ ਰੈਜੀਡੈਂਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਰੀਫਾਇਨੈਂਸਿੰਗ ਲਈ ਕਿਸੇ ਵੀ ਤਰ੍ਹਾਂ ਦੀ ਮੌਰਗੇਜ ਲੈਣ ਲਈ ਯਾਦ ਰੱਖੋ


Maj Parminder (Pari) Mann
Ex Indian Army
SKYLINE PROPERTIES, INC
Cell:425-499-9704
email:parimann@gmail.com





Col Navtej Nijjar
NMLS 1484258
LA Financial Services
Cell:206-334-4035
email:nijjar.n@gmail.com

AUBURN'S
MAIN SUPERMARKET
INDIAN GROCERIES-LIQUOR-WINE
1119E Main St. Auburn, WA 98002
Store hours: Mon-Sat: 8:00 AM - 10:00 PM Sun: 8:00 AM - 9:00 PM
Lowest Prices in Town WIDE VARIETY OF FROZEN FOOD
When you spend $50 or more,get 5% discount
When you spend $100 or more,get 10% discount Discount only apply to Indian Grocery




FREE PANI-PURI
FRI-SUN (12PM 5PM)
ONLY 4 Pani Puri/CUSTOMER



ALL KINDS OF HOUSEHOLD UTENSILS (BARTAN) AVAILABLE
BLANKETS ARE ALSO AVAILABILE IN KING, QUEEN, TWIN SIZES
Fresh SugarCane Juice Everyday
Ph:253-249-7430, Cell:253-205-9981
www.auburnsmainsupermarket.com *All prices are marked down

ਗਰੇਟਰ ਸਿਆਟਲ ਏਰੀਏ ਵਿਚ ਕਿਸੇ ਵੀ ਤਰਾਂ ਦੀ ਰੈਜ਼ੀਡੈਂਸ਼ੀਅਲ ਜਾਂ ਕਮਰਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਸਾਡੇ ਨਾਲ ਸੰਪਰਕ ਕਰੋ।



Sukhwant Kaur
206-432-0561
homesbysukhwant@gmail.com

DULAY HOMES
For Residential/ Commercial
- Short Sale
- Foreclosed
- Bank owned
- Hotels/Motels
- Gas Stations
- Vacant Lands

ਭਰੋਸੇਯੋਗ ਸੇਵਾਵਾਂ
ਸਾਡੇ ਲੋਨ ਅਫਸਰ ਤੁਹਾਡੀ ਲੋਨ ਲੈਣ ਵਿਚ ਪੂਰੀ ਮੱਦਦ ਕਰਨਗੇ



Ramanjot Singh
206-503-9880
ramanjot@dulayhomes.com

WEST CAPITAL LENDING
YOUR PREFFERRED LOCAL LENDER
- ਪੰਜਾਬੀ ਕਮਿਊਨਿਟੀ ਲਈ ਬੇਹਤਰ ਸੇਵਾਵਾਂ
- ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਮੱਦਦ
- ਗੈਸ ਸਟੇਸ਼ਨ, ਹੋਟਲ, ਮੋਟਲ, ਰੈਸਟੋਰੈਂਟਾ ਤੇ ਹੋਰ ਛੋਟੇ ਬਿਜ਼ਨਸਾਂ ਲਈ ਵੀ ਅਸੀਂ ਮੋਰਗੇਜ ਦਾ ਪ੍ਰਬੰਧ ਕਰਦੇ ਹਾਂ

-CONVENTIONAL -FHA -VA Loans -30YR/15YR/10YR FIXED -DSCR -P&L -30 DAY SOFR ARM -1099 PROGRAM -7/6 SOFR ARMS -LOT/CUSTOM CONSTRUCTION LOAN AVAILABLE -24/12 BANK STATEMENT LOANS



KESSHAV SHARMA
BRANCH MANAGER
ਮੋਰਗੇਜ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਮੱਦਦ ਜਾਂ ਜਾਣਕਾਰੀ ਲੈਣ ਲਈ ਮੇਰੇ ਨਾਲ ਸੰਪਰਕ ਕਰੋ
ਘੱਟ ਰੇਟਾਂ ਦੀ ਗਰੰਟੀ
WEST CAPITAL LENDING
Call/text (425) 239-4517
ksharma@westcapitallending.com
westcapitallending.com
NMLS# 2468293 I NMLS# 1566096 I DRE# 02022356
24 Executive Park, Ste 250 Irvine, CA 92614


HG TAX AND ACCOUNTING
25228 104th AVE SE Suite 103 Kent, WA 98030
IT'S TIME TO SAVE ON YOUR TAXES
OPEN M-F: 10 AM to 6 PM
SAT: 11 AM to 4 PM
SUN: By Appointment



Harpreet Singh, J.D. (253) 202-4516

JAG'S PIZZA
ਇੰਡੀਅਨ ਸਟਾਈਲ ਪੀਜ਼ਾ ਮੈਰਿਸਵੈੱਲ ਵਿਚ
ਜਿੱਥੇ ਤੁਹਾਡੇ ਸਵਾਦ ਅਨੁਸਾਰ ਵਧੀਆ ਅਦਰਕ ਧਨੀਆ ਵਾਲੇ ਮਸਾਲੇਦਾਰ ਤੰਦੂਰੀ ਚਿਕਨ, ਬਟਰ ਚਿਕਨ, ਕੜਾਹੀ ਚਿਕਨ, ਸ਼ਾਹੀ ਪਨੀਰ, ਤੰਦੂਰੀ ਪਨੀਰ, ਕੜਾਹੀ ਪਨੀਰ ਅਤੇ ਹਰ ਤਰ੍ਹਾਂ ਦੇ ਵੈਜੀਟੇਰੀਅਨ ਪੀਜ਼ੇ ਬਣਾਏ ਜਾਂਦੇ ਹਨ
PH:360-386-9508
5830 B, Grove St, Marysville, WA
(Inside Shell Gas Station Plaza)
www.jagspizza.com
OPEN 7 DAYS A WEEK SUNDAY TO THURSDAY:11AM TO 10PM
FRIDAY & SATURDAY:11AM TO 11.30PM


Ready to grow your business?
Count on us for solutions.



Gifty Singh
Bellevue
400 112th Ave NE
206–909–5226
BANNER BANK
bannerbank.com Member FDIC




5108-EVERGREEN WAY SUITE 1B, EVERETT, WA 98203
Bussiness Hours: Mon to Sat 10 a.m to 9 p.m Sun 10am-8pm
ਤਾਜ਼ੀਆਂ ਸਬਜ਼ੀਆਂ, ਫਲ ਫਰੂਟ ਅਤੇ ਭਾਰਤੀ ਗਰੌਸਰੀ ਦਾ ਸਟੋਰ
ਤੁਸੀਂ ਇਥੋਂ ਤਾਜਾ ਮਠਿਆਈਆਂ ਵੀ ਲੈ ਸਕਦੇ ਹੋ



ਇਥੋਂ Organic ਦਾਲਾਂ ਤੇ ਮਸਾਲੇ ਖਰੀਦੋ
$5 Off every $150 Purchase
Online ਗਰੌਸਰੀ ਸ਼ਾਪਿੰਗ ਲਈ www.punjabgrocerymarket.com ਤੇ ਜਾਉ
ਅਸੀਂ Same Day ਡਿਲਿਵਰੀ ਕਰਦੇ ਹਾਂ
instagram@punjabgrocerymarket
Facebook@punjabgrocerymarket
PH:425-970-0097
ਅਸੀਂ ਡੈਬਟ, ਕਰੈਡਿਟ, ਮਾਸਟਰ, ਈ ਬੀ ਟੀ ਕਾਰਡ ਅਤੇ ਫੂਡ ਸਟੈਂਪਸ ਵੀ ਲੈਂਦੇ ਹਾਂ
We acccept All Major Debit, Cr, EBT Card & Food Stamps

ਵਾਸ਼ਿੰਗਟਨ ਦਾ ਸਭ ਤੋਂ ਵੱਡਾ ਇੰਡੀਅਨ ਗਰੌਸਰੀ ਸਟੋਰ
ਇਥੋਂ ਤੁਸੀਂ ਹਰ ਤਰ੍ਹਾਂ ਦੀ ਇੰਡੀਅਨ, ਨੇਪਾਲੀ, ਫਿਜੀ, ਮਿਡਲ ਈਸਟਰਨ, ਏਸ਼ੀਅਨ ਗਰੌਸਰੀ ਲੈ ਸਕਦੇ ਹੋ
GROCERY SINGH
SAT SRI AKAL

LIQUOR - WINE BEER AVAILABLE



ਇੱਥੇ ਫਰੈੱਸ਼ ਪ੍ਰੋਡਿਊਸ, ਮੀਟ, ਮਠਿਆਈਆਂ ਤੇ ਹੋਰ ਬਹੁਤ ਕੁਝ ਉਪਲਬਧ ਹੈ
We Accept EBT Benefits SNAP




ਸਾਨੂੰ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ
1825 BROADWAY, EVERETT WA 98201
425-374-7550 / 206-786-0870